# ਅੱਧੀ ਚੁੰਝ ਵਾਲੀ ਚਿੜੀ



ਜਗਤਾਰਜੀਤ

Scanned with Ca

# ਅੱਧੀ ਚੁੰਝ ਵਾਲੀ ਚਿੜੀ

ਜਗਤਾਰ ਜੀਤ

ਪ੍ਰਕਾਸ਼ਨ ਵਿਭਾਗ
ਸੂਚਨਾ ਤੇ ਪ੍ਰਸਾਰਣ ਮੰਤਰਾਲਾ
ਭਾਰਤ ਸਰਕਾਰ

Scanned with Ca

# ਤਤਕਰਾ


1. ਅੱਧੀ ਚੁੰਝ ਵਾਲੀ ਚਿੜੀ 1
2. ਰਾਜੇ ਦੀ ਪਰਜਾ 10
3. ਤੋਤਾ 16
4. ਜਨਮ ਦਿਨ 27
5. ਘਰ 33
6. ਰਾਜਧਾਨੀ ਦਾ ਜੰਗਲ 41
7. ਅਕਸ 50


Scanned with Ca

# ਅੱਧੀ ਚੁੰਝ ਵਾਲੀ ਚਿੜੀ

"ਅਸੀ ਕਿੱਥੇ ਜਾ ਰਹੇ ਹਾਂ ?" ਚਿੜੀ ਦੇ ਬੱਚੇ ਨੇ ਆਪਣੀ ਮਾਂ ਤੋਂ ਪੁੱਛਿਆ।

ਉਹ ਕਾਫ਼ੀ ਦੇਰ ਤੋਂ ਪੂਰਬ ਵੱਲ ਉੱਡ ਰਹੇ ਸਨ। ਥਕਾਵਟ ਮਹਿਸੂਸ ਹੋਣ ਕਾਰਨ ਉਹ ਦੋ-ਤਿੰਨ ਵਾਰ ਆਪਣੀ ਮਾਂ ਤੋਂ ਪੁੱਛ ਚੁੱਕਾ ਸੀ।

ਆਖ਼ਰ ਉਸ ਕਹਿ ਹੀ ਦਿੱਤਾ, "ਮੈਥੋਂ ਨਹੀ ਉੱਡ ਹੁੰਦਾ। ਥੱਕ ਗਿਆ ਹਾਂ।"

ਇਹ ਕਹਿ ਉਹ ਨੀਵਾਂ ਹੋਇਆ ਅਤੇ ਇਕ ਰੁੱਖ ਦੀ ਟਾਹਣੀ 'ਤੇ ਜਾ ਬੈਠਾ। ਟਾਹਣੀ ਥੋੜ੍ਹੇ ਚਿਰ ਲਈ ਉੱਤੇ-ਥੱਲੇ ਹੋ ਕੇ ਟਿਕ ਗਈ। ਆਪਣੇ ਬੋਟ ਪਿੱਛੇ ਉਤਰੀ ਮਾਂ ਨੇ ਤੇਜ਼ੀ ਨਾਲ ਚਲਦੇ ਸਾਹ ਨਾਲ ਉੱਚੀ-ਨੀਵੀਂ ਹੋ ਰਹੀ ਉਸ ਦੀ ਛਾਤੀ ਵੱਲ ਦੇਖਿਆ। ਮਾਂ ਨੇ ਮਨ ਵਿਚ ਮਹਿਸੂਸ ਕੀਤਾ ਕਿ ਇਹ ਬੱਚਾ ਹਿੰਮਤੀ ਹੈ।

ਬਿਨ ਬੋਲਿਆਂ ਦੋਵੇਂ ਜਣੇ ਇਕ-ਦੂਜੇ ਨੂੰ ਦੇਖਦੇ ਰਹੇ। ਬੱਚੇ ਨੇ ਕੋਲ ਬੈਠਣ ਦਾ ਫ਼ਾਇਦਾ ਲੈਂਦਿਆਂ ਕਿਹਾ, "ਮਾਂ, ਅਸੀ ਕਿਸ ਨੂੰ ਮਿਲਣ ਜਾ ਰਹੇ ਹਾਂ ? ਆਪਣੇ ਘਰ ਤੋਂ ਤਾਂ ਅਸੀ ਬਹੁਤ ਦੂਰ ਆ ਗਏ ਹਾਂ।"

ਚਿੜੀ ਨੇ ਸੋਚਿਆ ਬੱਚੇ ਨੂੰ ਹੁਣ ਦੱਸ ਹੀ ਦੇਣਾ ਚਾਹੀਦਾ ਹੈ ਕਿ ਅਸੀ ਕਿੱਧਰ ਜਾ ਰਹੇ ਹਾਂ। ਉਸ ਹੌਲੀ ਜਿਹੀ ਕਿਹਾ, "ਤੂੰ ਕਹਿੰਦਾ ਰਹਿੰਦਾ ਸੀ ਕਿਤੇ ਲੈ ਚੱਲੋ। ਅੱਜ ਤੇਰੀ ਇੱਛਾ ਪੂਰੀ ਕਰਨ ਲੱਗੀ ਹਾਂ। ਅਸੀ ਤੇਰੀ ਨਾਨੀ ਕੋਲ ਜਾ ਰਹੇ ਹਾਂ।"


"ਕਿੱਥੇ ਰਹਿੰਦੀ ਹੈ, ਉਹ।"

"ਉਹ ਥਾਂ ਆਉਣ ਹੀ ਵਾਲੀ ਹੈ। ਥੋੜ੍ਹੀ ਦੇਰ ਹੋਰ ਲੱਗੇਗੀ।"

"ਪਹਿਲਾਂ ਕਿਉਂ ਨਹੀ ਦੱਸਿਆ। ਨਾਨੀ ਨੂੰ ਤਾਂ ਮੈਂ ਨਹੀ ਦੇਖਿਆ। ਕਿਹੋ ਜਿਹੀ ਹੈ ਉਹ... ?" ਉਹਦੇ ਕੋਲ ਪ੍ਰਸ਼ਨਾਂ ਦੀ ਡਾਰ ਸੀ।

ਚਿੜੀ ਨੇ ਉਸ ਦੀਆਂ ਗੱਲਾਂ ਸਬਰ ਨਾਲ ਸੁਣੀਆਂ। ਮਾਂ ਬੱਚਿਆਂ ਦੇ ਸੁਭਾਅ ਨੂੰ ਜਾਣਦੀ ਹੁੰਦੀ ਹੈ।

Scanned with Ca



"ਉਹ ਥਾਂ ਕਿਹੋ ਜਿਹੀ ਹੈ ?"

ਜਵਾਬ ਵਿਚ ਮਾਂ ਨੇ ਕਿਹਾ, "ਬਹੁਤ ਸੋਹਣੀ। ਓਥੇ ਭਾਂਤ-ਭਾਂਤ ਦੇ ਸੰਘਣੇ ਦਰੱਖ਼ਤ ਹਨ। ਸਭ ਪਾਸੇ ਹਰੇ ਰੁੱਖਾਂ ਦੀ ਠੰਢੀ ਛਾਂ ਹੈ। ਓਥੇ ਕਈ ਤਰ੍ਹਾਂ ਦੇ ਪਸ਼ੂ-ਪੰਛੀ ਵੀ ਹਨ। ਓਥੇ ਖੁੱਲ੍ਹ ਹੈ ਜੋ ਚਿੱਤ ਆਵੇ, ਸੋ ਕਰੋ।"

"ਪਰ ਨਾਨੀ ਨੂੰ ਕਿਵੇਂ ਲੱਭਾਂਗੇ ? ਤੁਸੀਂ ਕਹਿ ਰਹੇ ਹੋ, ਓਥੇ ਭੀੜ ਬਹੁਤ ਹੈ... !"

"ਮੈਂ ਉਹ ਥਾਂ ਦੇਖੀ ਹੋਈ ਹੈ। ਅਸੀਂ ਭੁੱਲਦੇ ਨਹੀਂ। ਚੰਗਾ ਹੋਵੇਗਾ ਜੇ ਸੂਰਜ ਛੁਪਣ ਤੋਂ ਪਹਿਲਾਂ ਹੀ ਓਥੇ ਪਹੁੰਚ ਜਾਈਏ।"

ਆਰਾਮ ਕਰਨ ਬਾਅਦ ਉਹ ਮੁੜ ਆਪਣੇ ਰਾਹ ਵੱਲ ਉੱਡਣ ਲੱਗੇ।

ਉਸ ਜਗ੍ਹਾ ਪਹੁੰਚ ਕੇ ਚਿੜੀ ਨੇ ਆਸ-ਪਾਸ ਦੇਖਿਆ ਤਾਂ ਤ੍ਰਭਕ ਗਈ। ਉਸ ਨੂੰ ਆਪਣੀ ਬੁੱਧੀ 'ਤੇ ਸ਼ੱਕ ਹੋਇਆ। ਉਹ ਜੋ ਦੇਖ ਰਹੀ ਸੀ ਉਸ ਉੱਪਰ ਉਸ ਨੂੰ ਯਕੀਨ ਨਹੀਂ ਸੀ ਹੋ ਰਿਹਾ।

ਉਹਦੇ ਮਨ ਵਿਚ ਪ੍ਰਸ਼ਨ ਪੈਦਾ ਹੋਇਆ, 'ਕੀ ਇਹ ਓਹੀ ਥਾਂ ਹੈ ? ਇਥੇ ਤਾਂ ਸਭ ਕੁਝ ਬਦਲਿਆ ਬਦਲਿਆ ਲੱਗ ਰਿਹਾ ਹੈ....'

Scanned with C

ਉਸਦੇ ਸਰੀਰ ਦੇ ਹਾਵ-ਭਾਵ ਅਤੇ ਅੱਖਾਂ ਵਿਚ ਉਤਰੀ ਬੇਯਕੀਨੀ ਨੂੰ ਬੋਟ ਨੇ ਪੜ੍ਹ ਲਿਆ। ਉਹਨੂੰ ਇਸ ਗੱਲ ਦਾ ਡਰ ਸਤਾਉਣ ਲੱਗਾ ਕਿ ਉਸ ਨੂੰ ਹੁਣ ਹੋਰ ਉੱਡਣ ਲਈ ਕਿਹਾ ਜਾਏਗਾ।

ਜਿਸ ਦਰੱਖ਼ਤ 'ਤੇ ਉਹ ਦੋਵੇਂ ਜਣੇ ਬੈਠੇ ਸਨ ਉਹ ਸੰਘਣਾ ਅਤੇ ਪੁਰਾਣਾ ਸੀ ਪਰ ਸੀ ਬਿਲਕੁਲ ਅਲੱਗ ਥਲੱਗ। ਇਧਰ-ਉਧਰ ਜੋ ਵੀ ਹੋਰ ਰੁੱਖ ਸਨ ਉਹ ਸਭ ਨਿੱਕੇ, ਰੁੰਡ-ਮੁੰਡ ਜਾਂ ਨਿਸ਼ਾਨ ਜਿਹੇ ਸਨ।

ਚਿੜੀ ਨੇ ਆਪਣੀ ਪਹਿਲੀ ਫੇਰੀ ਸਮੇਂ ਇਹੋ ਜਿਹਾ ਮਾਹੌਲ ਨਹੀ ਸੀ ਦੇਖਿਆ।

ਚਿੜੀ ਦੀ ਪਰੇਸ਼ਾਨੀ ਉਸ ਦੇ ਬੱਚੇ ਨੂੰ ਦੁੱਖ ਦੇ ਰਹੀ ਸੀ। ਪਰ ਕੀਤਾ ਕੀ ਜਾਵੇ।

ਆਪਣੀ ਮਾਂ ਦੇ ਘਰ ਦੀ ਨਿਸ਼ਾਨਦੇਈ ਲਈ ਉਸ ਨੂੰ ਭੁਲੇਖਾ ਹੋਣ ਲੱਗਾ। ਆਪਣੇ ਜਨਮ ਸਥਾਨ ਨੂੰ ਪੱਕਾ ਕਰਨ ਲਈ ਉਸ ਨੂੰ ਦੂਜਿਆਂ ਤੋਂ ਪੁੱਛਣ ਦੀ ਲੋੜ ਮਹਿਸੂਸ ਹੋਣ ਲੱਗੀ।

ਹਿੰਮਤ ਕਰ ਕੇ ਉਸ ਨੇ ਆਸੇ-ਪਾਸਿਓਂ ਪੁੱਛ-ਗਿੱਛ ਕੀਤੀ। ਪਰ ਕਿਸੇ ਤੋਂ ਸਹੀ ਜਵਾਬ ਨਾ ਮਿਲਿਆ।

ਹਾਰ ਕੇ ਦੋਵੇਂ ਜਣੇ ਉਸ ਰੁੱਖ ਵੱਲ ਵਧੇ ਜਿਹੜਾ ਦਿਸਣ ਵਿਚ ਸੰਘਣਾ ਅਤੇ ਪੁਰਾਣਾ ਸੀ।

ਇਹੋ ਜਿਹੇ ਰੁੱਖ ਚਿੜੀ ਦੇ ਪਿੰਡ ਵਿਚ ਵਸੇ ਹੋਏ ਸਨ। ਉਸ ਥਾਂ ਪਹੁੰਚ ਉਸ ਨੂੰ ਜਾਣ-ਪਛਾਣ ਵਾਲੇ ਭਾਂਤ-ਸੁਭਾਂਤ, ਰੰਗ-ਰੂਪ ਅਤੇ ਆਕਾਰ ਵਾਲੇ ਪੰਛੀ ਦਿਖਾਈ ਦਿੱਤੇ।

ਨੇੜਲੀ ਡਾਲ੍ਹ 'ਤੇ ਬੈਠਾ ਚੱਕੀਰਾਹਾ ਰੁੱਖ ਦੀ ਚਮੜੀ ਨੂੰ ਟੁੱਕ ਆਪਣੇ ਲਈ ਕੀੜੇ-ਮਕੌੜੇ ਲੱਭ ਰਿਹਾ ਸੀ। ਤੋਤਾ ਕਿਸੇ ਫਲ ਨੂੰ ਖਾ-ਖਿੰਡਾ ਰਿਹਾ ਸੀ। ਕਬੂਤਰ ਦੀ ਧੌਣ ਧੁੱਪ-ਛਾਂ ਵਿਚ ਲਿਸ਼ਕ ਰਹੀ ਸੀ। ਹੋਰ ਚਿੜੀਆਂ ਫੁਦਕ-ਫੁਦਕ, ਚੀ-ਚੀ ਵਿਚ ਮਸਤ ਸਨ। ਕੋਇਲ ਦੀ ਵਿੰਨ੍ਹਵੀ ਕੂਕ ਵਿਚ ਰਸ ਵੀ ਸੀ ਅਤੇ ਦੁੱਖ ਵੀ।

ਸਾਰੇ ਮਾਹੌਲ ਨੇ ਚਿੜੀ ਨੂੰ ਸਥਿਰਤਾ ਦਿੱਤੀ। ਉਸ ਦੇ ਚਿੱਤ ਦੀ ਉਦਾਸੀ ਛਣ ਗਈ।

ਚਿੜੀ ਨੇ ਕਠਫੋੜੇ ਨਾਲ ਆਪਣੀ ਗੱਲ ਸਾਂਝੀ ਕੀਤੀ। ਪਲਾਂ-ਛਿਣਾਂ ਵਿਚ ਰੁੱਖ ਦੇ ਸਾਰੇ ਬਾਸ਼ਿੰਦੇ ਇਸ ਗੱਲਬਾਤ ਵਿਚ ਸ਼ਾਮਲ ਹੋ ਗਏ ਸਨ।

ਕਈ ਮੂੰਹਾਂ ਤੋਂ ਸਾਂਝੀ ਹੋਈ ਜਾਣਕਾਰੀ ਨੇ ਚਿੜੀ ਨੂੰ ਰਾਹਤ ਦਿੱਤੀ। ਉਹ ਖੁਸ਼ ਸੀ

Scanned with Ca

ਕਿਉਂਕਿ ਹੁਣ ਉਸ ਦਾ ਬੱਚਾ ਆਪਣੀ ਨਾਨੀ ਨੂੰ ਮਿਲ ਸਕੇਗਾ ਅਤੇ ਉਸ ਦੇ ਘਰ ਕੁਝ ਦਿਨ ਰਹਿ ਸਕੇਗਾ।

ਚਿੜੀ ਦੀ ਮਾਂ ਆਪਣੇ ਜਾਣਕਾਰਾਂ ਵਿਚ *'ਅੱਧੀ ਚੁੰਝ ਵਾਲੀ ਚਿੜੀ'* ਦੇ ਨਾਂ ਨਾਲ ਜਾਣੀ ਜਾਂਦੀ ਸੀ।

ਉਸ ਤਕ ਲੈ ਜਾਣ ਦੀ ਜ਼ਿੰਮੇਵਾਰੀ ਕਬੂਤਰ ਨੇ ਆਪਣੇ ਸਿਰ ਲਈ। ਤਿੰਨੋਂ ਜਣੇ ਇਕ ਦੂਜੇ ਦੇ ਪਿੱਛੇ ਉੱਡਣ ਲੱਗੇ।

ਉਹ ਜਿੱਧਰੋਂ ਦੀ ਲੰਘ ਰਹੇ ਸਨ ਉਹਦੇ ਆਸ-ਪਾਸ ਦੂਰ ਤਕ ਕੋਈ ਰੁੱਖ ਨਹੀ ਸੀ। ਸਿਰਫ਼ ਇਮਾਰਤਾਂ ਨਾਲ ਲੱਗੀਆਂ ਇਮਾਰਤਾਂ ਦਿਸ ਰਹੀਆਂ ਸਨ। ਇਹ ਨਜ਼ਾਰਾ ਚਿੜੀ ਨੇ ਪਹਿਲਾਂ ਨਹੀ ਸੀ ਦੇਖਿਆ।

ਇਮਾਰਤਾਂ ਦੁਆਲੇ ਕਾਲੇ ਰੰਗ ਦੀਆਂ ਸੜਕਾਂ ਵਿਛੀਆਂ ਹੋਈਆਂ ਸਨ, ਜਿਨ੍ਹਾਂ ਉੱਪਰ ਲੋਕਾਂ ਦੀ ਭੀੜ ਸੀ। ਕੁਝ ਥਾਵਾਂ ਅਜੇ ਅਣਮੱਲੀਆਂ ਪਈਆਂ ਸਨ।

ਉੱਡਦਾ ਕਬੂਤਰ ਥੋੜ੍ਹਾ ਨੀਵਾਂ ਹੋਇਆ ਅਤੇ ਬਿਜਲੀ ਦੀ ਤਾਰ ਉੱਤੇ ਆ ਬੈਠਾ। ਤਾਰ ਉੱਪਰ ਬੈਠੇ ਤਿੰਨੋਂ ਜਣੇ ਆਪੋ-ਆਪਣੇ ਢੰਗ ਨਾਲ ਦੁਆਲੇ ਨੂੰ ਦੇਖ ਰਹੇ ਸਨ।

ਕਬੂਤਰ ਦੀ ਅੱਖ ਨੇ ਸੜਕ ਉੱਪਰ ਆਪਣੇ ਕਾਰੇ ਰੁੱਝੀ ਅੱਧੀ ਚੁੰਝ ਵਾਲੀ ਚਿੜੀ ਨੂੰ ਪਛਾਣ ਲਿਆ। ਉਸ ਨੇ ਇਸ਼ਾਰੇ ਨਾਲ ਚਿੜੀ ਨੂੰ ਦੱਸਿਆ ਕਿ ਓਹ ਉਸ ਦੀ ਮਾਂ ਹੈ। ਮਾਂ ਨੇ ਇਹੋ ਗੱਲ ਆਪਣੇ ਬੱਚੇ ਤਕ ਪਹੁੰਚਾ ਦਿੱਤੀ।

ਚਿੜੀ ਉੱਡ ਕੇ ਅੱਧੀ ਚੁੰਝ ਵਾਲੀ ਚਿੜੀ ਤੋਂ ਥੋੜ੍ਹਾ ਹਟ ਕੇ ਜਾ ਬੈਠੀ। ਉਸ ਦਾ ਬੱਚਾ ਵੀ ਉਸ ਦੇ ਪਿੱਛੇ ਜਾ ਉਤਰਿਆ। ਬੈਠੀ-ਬੈਠੀ ਨੇ ਕੁਝ ਆਵਾਜ਼ਾਂ ਕੱਢੀਆਂ। ਆਵਾਜ਼ਾਂ ਨੇ ਅੱਧੀ ਚੁੰਝ ਵਾਲੀ ਚਿੜੀ ਦੇ ਕੰਮ ਵਿਚ ਖਲਲ ਪਾਇਆ। ਉਸ ਸਿਰ ਚੁੱਕ ਆਸ-ਪਾਸ ਦੇਖਿਆ। ਉਸ ਨੂੰ ਆਪਣੇ ਜਿਹੀ ਇਕ ਚਿੜੀ ਅਤੇ ਇਕ ਬੱਚਾ ਦਿਸਿਆ। ਉਸ ਨੇ ਆਪਣੀ ਚੁੰਝ ਨੂੰ ਮੁੜ ਸੜਕ 'ਤੇ ਮਾਰਨਾ ਸ਼ੁਰੂ ਕਰ ਦਿੱਤਾ।

ਪਰ ਦੂਜੀ ਵਾਰ ਕੰਨੀਂ ਪਈ ਆਵਾਜ਼ ਨੇ ਉਹਦੇ ਅੰਦਰ ਪਈ ਕਿਸੇ ਸਾਂਝ ਨੂੰ ਸੀਖ ਦਿੱਤਾ। ਉਹ ਫੁਦਕ-ਫੁਦਕ ਜਦ ਚਿੜੀ ਕੋਲ ਪਹੁੰਚ ਕੇ ਕੁਝ ਬੋਲੀ ਤਾਂ ਦੋਹਾਂ ਨੇ ਇਕ ਦੂਜੇ ਨੂੰ ਪਛਾਣ ਲਿਆ।

ਦੋਵੇਂ ਜਣੀਆਂ ਲੰਮੇ ਅਰਸੇ ਬਾਅਦ ਮਿਲ ਰਹੀਆਂ ਸਨ।

ਕੁਝ ਸਮਾਂ ਚੁੱਪ ਚੁਪੀਤੇ ਲੰਘ ਗਿਆ। ਇਸ ਚੁੱਪ ਨੂੰ ਬੱਚੇ ਨੇ ਤੋੜਿਆ। ਅੱਧੀ ਚੁੰਝ

Scanned with Ca

ਵਾਲੀ ਚਿੜੀ ਵੱਲ ਇਸ਼ਾਰਾ ਕਰ ਕੇ ਉਸ ਨੇ ਆਪਣੀ ਮਾਂ ਨੂੰ ਪੁੱਛਿਆ, "ਕੀ ਇਹੋ ਹੈ ਮੇਰੀ ਨਾਨੀ ?" ਇਹ ਪ੍ਰਸ਼ਨ ਕਰਦੇ ਸਮੇਂ ਉਹ ਇਕ ਸੁਖਾਵੀ ਵਿੱਥ ਉੱਪਰ ਖੜ੍ਹਾ ਰਿਹਾ। ਉਸ ਵਲੋਂ ਚਿਤਵਿਆ ਰੂਪ ਸ਼ਾਇਦ ਇਸ ਰੂਪ ਨਾਲ ਮੇਲ ਨਹੀ ਸੀ ਖਾ ਰਿਹਾ।

ਮਾਂ ਨੇ ਪਿਆਰ ਨਾਲ ਕੋਲ ਸੱਦਦਿਆਂ ਉਸ ਨੂੰ ਉਸ ਦੀ ਨਾਨੀ ਨਾਲ ਮਿਲਾਇਆ।

ਗੱਲਾਂ-ਗੱਲਾਂ ਵਿਚ ਚਿੜੀ ਨੇ ਆਪਣੀ ਮਾਂ ਕੋਲੋਂ ਉਸ ਦੀ ਇਹੋ ਜਿਹੀ ਹਾਲਤ ਬਾਰੇ ਪੁੱਛਿਆ, "ਇਹ ਕੀ ਹਾਲ ਕੀਤਾ ਹੈ, ਤੂੰ। ਤੈਨੂੰ ਸਾਰੇ ਅੱਧੀ ਚੁੰਝ ਵਾਲੀ ਚਿੜੀ ਕਿਉਂ ਕਹਿੰਦੇ ਹਨ ?"

ਵੱਡੀ ਚਿੜੀ ਨੂੰ ਲੱਗਾ ਜਿਵੇਂ ਉਸ ਨੇ ਉਸਦੀ ਦੁਖਦੀ ਨਾੜ ਉੱਤੇ ਹੱਥ ਰੱਖ ਦਿੱਤਾ ਹੋਵੇ।

ਉਹਦੀਆਂ ਅੱਖਾਂ ਵਿਚ ਪਾਣੀ ਭਰ ਆਇਆ। ਤਾਂ ਵੀ ਉਸ ਨੇ ਕਿਹਾ, "ਤੂੰ ਕੀ ਲੈਣਾ ਇਸ ਤੋਂ। ਤੂੰ ਇਥੇ ਇਕ-ਦੋ ਦਿਨ ਠਹਿਰਨਾ ਹੈ। ਕਿਉਂ ਦੁਖੀ ਹੋ ਰਹੀ ਏਂ ?"

ਪਰ ਉਹ ਆਪਣੀ ਜ਼ਿੱਦ ਤੋਂ ਪਿੱਛੇ ਨਾ ਹਟੀ।

ਅੱਧੀ ਚੁੰਝ ਵਾਲੀ ਚਿੜੀ ਨੇ ਕਿਹਾ, "ਆਓ, ਪਹਿਲਾਂ ਆਪਣੇ ਘਰ ਚੱਲੀਏ। ਤੁਸੀ ਦੋਵੇਂ ਜਣੇ ਥੱਕੇ ਹੋਵੋਗੇ। ਘਰ ਚੱਲ ਕੇ ਆਰਾਮ ਕਰਦੇ ਹਾਂ। ਗੱਲਾਂ ਕਰਨ ਨੂੰ ਸਾਰੀ ਰਾਤ ਪਈ ਹੈ....।"

ਢਲਦੇ ਸੂਰਜ ਨੂੰ ਪਿੱਠ ਕਰ ਕੇ ਉਹ ਤਿੰਨੇ ਉੱਡ ਪਈਆਂ।

ਸ਼ਾਮ ਦੇ ਸਮੇਂ ਵਿਚ ਸਾਰਾ ਰੁੱਖ ਗਾਉਂਦਾ ਲੱਗ ਰਿਹਾ ਸੀ। ਹਰ ਆਉਣ ਵਾਲੇ ਪਰਿੰਦੇ ਕੋਲ ਆਪਣੇ ਬੋਲ ਸਨ। ਘਰ ਪਹੁੰਚਣ ਦੀ ਖੁਸ਼ੀ ਉਹਨਾਂ ਦੀ ਆਵਾਜ਼ ਨੂੰ ਹੋਰ ਰਸਦਾਰ ਬਣਾ ਰਹੀ ਸੀ।

ਜਿਵੇਂ-ਜਿਵੇਂ ਹਨ੍ਹੇਰਾ ਹੁੰਦਾ ਗਿਆ, ਰੁੱਖ ਖ਼ਾਮੋਸ਼ ਹੋਣ ਲੱਗਾ। ਫੇਰ ਉਹ ਆਪਣੇ ਪਰਿਵਾਰ ਸਮੇਤ ਸੌਂ ਗਿਆ। ਸਿਰਫ਼ ਅੱਧੇ ਚੁੰਝ ਵਾਲੀ ਚਿੜੀ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਉਹ ਆਪਣੇ ਬੱਚਿਆਂ ਨਾਲ ਗੱਲਬਾਤ ਕਰ ਰਹੀ ਸੀ।

ਗੱਲਾਂ-ਗੱਲਾਂ ਵਿਚ ਚਿੜੀ ਨੇ ਆਪਣੀ ਮਾਂ ਨੂੰ ਕਿਹਾ ਕਿ ਇਹ ਥਾਂ ਬਦਲੀ ਹੋਈ ਲੱਗਦੀ ਹੈ।

ਇਸ ਗੱਲ ਤੋਂ ਪਰੇਸ਼ਾਨ ਹੋਈ ਮਾਂ ਨੇ ਹਾਂ ਵਿਚ ਸਿਰ ਹਿਲਾਉਂਦਿਆਂ ਕਿਹਾ,

Scanned with Ca

"ਬੱਚੀਏ, ਤੂੰ ਠੀਕ ਕਹਿ ਰਹੀ ਏਂ। ਪਹਿਲਾਂ ਇਹ ਸਾਰੀ ਥਾਂ ਹਰੀ-ਭਰੀ ਹੁੰਦੀ ਸੀ। ਤੂੰ ਤਾਂ ਦੇਖੀ ਆ। ਇਥੇ ਕਿਸੇ ਚੀਜ਼ ਦਾ ਅੰਤ ਨਹੀਂ ਸੀ। ਭਾਂਤ-ਭਾਂਤ ਦੇ ਰੁੱਖ, ਜਾਨਵਰ, ਪਰਿੰਦੇ ਬਿਨਾਂ ਕਿਸੇ ਰੋਕ-ਟੋਕ ਦੇ ਵਸ-ਰਸ ਰਹੇ ਸਨ।

ਵਰ੍ਹਿਆਂ ਤੋਂ ਚੱਲੇ ਆ ਰਹੇ ਜੀਵਨ ਵਿਚ ਇਕ ਦਿਨ ਅਜਿਹਾ ਖਲਲ ਪਿਆ ਕਿ ਸਭ ਕੁਝ ਹੀ ਬਦਲ ਗਿਆ।"

ਅੱਧੀ ਚੁੰਝ ਵਾਲੀ ਚਿੜੀ ਦੀਆਂ ਅੱਖਾਂ ਅੱਗੋਂ ਬੀਤਿਆ ਹੋਇਆ ਸਾਰਾ ਦ੍ਰਿਸ਼ ਇਕ ਵਾਰ ਫੇਰ ਘੁੰਮ ਗਿਆ। ਉਹ ਬੋਲਦੀ-ਬੋਲਦੀ ਥੋੜ੍ਹੀ ਦੇਰ ਵਾਸਤੇ ਰੁਕ ਗਈ। ਭਿੱਜੀਆਂ ਅੱਖਾਂ ਨਾਲ ਉਹ ਮੁੜ ਬੋਲੀ, "ਉਸ ਦਿਨ ਤੋਂ ਬਾਅਦ ਇਥੇ ਆਦਮੀ ਤੇ ਮਸ਼ੀਨ ਦਾ ਰਾਜ ਹੋ ਗਿਆ। ਠੰਢੀਆਂ ਛਾਵਾਂ ਵਾਲੇ ਰੁੱਖ ਉਹਨਾਂ ਨੇ ਬੇਰਹਿਮੀ ਨਾਲ ਵੱਢ ਦਿੱਤੇ। ਜਿਥੇ ਧੁੱਪ ਨੇ ਕਦੇ ਜ਼ਮੀਨ ਨਹੀ ਸੀ ਛੋਹੀ ਓਥੇ ਹੁਣ ਉਹ ਸਵੇਰ ਤੋਂ ਸ਼ਾਮ ਤਕ ਵਿਛੀ ਰਹਿੰਦੀ ਹੈ।

ਆਲ੍ਹਣਿਆਂ ਵਾਲਿਆਂ ਨੇ ਖ਼ੂਬ ਸ਼ੋਰ ਮਚਾਇਆ। ਕਈ ਨਿੱਕੇ-ਵੱਡੇ ਜਾਨਵਰਾਂ ਨੇ ਆਉਣ ਵਾਲਿਆਂ ਨੂੰ ਵੰਗਾਰਿਆ ਪਰ ਉਹਨਾਂ ਕਿਸੇ ਉੱਪਰ ਦਇਆ ਨਾ ਦਿਖਾਈ।

ਕੱਟੇ ਹੋਏ ਰੁੱਖਾਂ ਦੀਆਂ ਜੜ੍ਹਾਂ, ਸਾਡੀਆਂ ਹੱਡੀਆਂ ਅਤੇ ਲਹੂ ਇਹਨਾਂ ਇਮਾਰਤਾਂ ਅਤੇ ਸੜਕਾਂ ਥੱਲੇ ਪਏ ਹਨ।"

ਆਪਣੀ ਮਾਂ ਦੀ ਗੱਲ ਸੁਣ ਚਿੜੀ ਠਰੀ ਜਾ ਰਹੀ ਸੀ। ਨਾਨੀ ਨੂੰ ਮਿਲਣ ਆਏ ਬੱਚੇ ਨੂੰ ਅਜੇ ਤਕ ਆਪਣਾ ਮੂੰਹ ਖੋਲ੍ਹਣ ਦਾ ਮੌਕਾ ਨਹੀ ਸੀ ਮਿਲਿਆ। ਉਹ ਇਹੋ ਜਿਹੇ ਸੰਸਾਰ ਤੋਂ ਬਿਲਕੁਲ ਅਣਜਾਣ ਸੀ।

ਹਨ੍ਹੇਰੇ ਵਿਚ ਕੀਤੀ ਜਾ ਰਹੀ ਦਰਦ ਦੀ ਗੱਲ ਦਾ ਅਸਰ ਦੋਹਰਾ-ਤੇਹਰਾ ਹੋ ਰਿਹਾ ਸੀ।

ਮਾਹੌਲ ਬਦਲਣ ਲਈ ਚਿੜੀ ਨੇ ਹਿੰਮਤ ਕਰ ਕੇ ਆਪਣੀ ਮਾਂ ਤੋਂ ਪੁੱਛਿਆ ਕਿ ਉਹ ਚੋਗਾ ਚੁਗਣ ਏਨੀ ਦੂਰ ਕਿਉਂ ਜਾਂਦੀ ਹੈ। ਉਸ ਨੂੰ ਨਹੀ ਸੀ ਪਤਾ ਕਿ ਹਰ ਨਿੱਕੀ ਜਿਹੀ ਗੱਲ ਦੀਆਂ ਤੰਦਾਂ ਵੀ ਉਸੇ ਘਟਨਾ ਨਾਲ ਜਾ ਜੁੜਦੀਆਂ ਹਨ।

ਅੱਧੀ ਚੁੰਝ ਵਾਲੀ ਚਿੜੀ ਨੇ ਦੱਸਿਆ, "ਉਸ ਥਾਂ ਨਾਲ ਮੈਨੂੰ ਮੋਹ ਹੈ। ਮੇਰਾ ਆਲ੍ਹਣਾ ਓਥੇ ਹੀ ਕਿਸੇ ਰੁੱਖ 'ਤੇ ਸੀ। ਉਹ ਰੁੱਖ ਹੁਣ ਸੜਕ ਥੱਲੇ ਦੱਬਿਆ ਪਿਆ ਹੈ...।"

ਉਸ ਨੂੰ ਆਪਣੀ ਗੱਲ ਦਾ ਹੁੰਗਾਰਾ ਨਾ ਮਿਲਦਾ ਦੇਖ ਉਸ ਨੇ ਚਿੜੀ ਨੂੰ ਥੋੜ੍ਹਾ

Scanned with Ca

ਹਿਲਾਇਆ। ਨੀਂਦ ਨੇ ਉਸ ਨੂੰ ਘੇਰ ਲਿਆ ਸੀ। ਬੱਚਾ ਪਹਿਲਾਂ ਹੀ ਸੌਂ ਗਿਆ ਸੀ। ਸਾਰਿਆਂ ਨੂੰ ਸੁੱਤਿਆਂ ਦੇਖ ਉਸ ਦੀਆਂ ਆਪਣੀਆਂ ਅੱਖਾਂ ਵੀ ਮੀਟ ਹੋਣ ਲੱਗੀਆਂ।

ਅਗਲਾ ਦਿਨ ਆਮ ਵਰਗਾ ਦਿਨ ਸੀ। ਉਠਦਿਆਂ ਹੀ ਸਾਰੇ ਪਰਿੰਦੇ ਆਪੋ-ਆਪਣੇ ਕੰਮੀ ਰੁੱਝ ਗਏ।

ਅੱਧੀ ਚੁੰਝ ਵਾਲੀ ਚਿੜੀ ਆਪਣੇ ਬੱਚਿਆਂ ਨੂੰ ਆਪਣੇ ਨਾਲ ਲੈ ਜਾਣਾ ਚਾਹੁੰਦੀ ਸੀ। ਪਰ ਬੱਚੇ ਨੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਉਹ ਤਾਂ ਘੁੰਮਣ-ਖੇਡਣ ਆਇਆ ਸੀ। ਇਸ ਦਰੱਖ਼ਤ ਉੱਪਰ ਉਸ ਨੂੰ ਆਪਣੇ ਹਾਣੀ ਮਿਲਣ ਦੀ ਉਮੀਦ ਸੀ।

ਜਾਂਦੇ ਸਮੇਂ ਉਸ ਨੇ ਆਪਣੇ ਬੱਚਿਆਂ ਨਾਲ ਵਾਅਦਾ ਕੀਤਾ ਕਿ ਉਹ ਜਲਦੀ ਮੁੜ ਆਵੇਗੀ।

ਬੱਚਾ ਟਹਿਣੀਆਂ ਤੇ ਫੁਦਕਣ ਲੱਗਾ। ਆਪਣੀ ਚੁੱਪ ਨੂੰ ਤੋੜਨ ਦਾ ਇਹ ਚੰਗਾ ਵੇਲਾ ਸੀ।

ਚਿੜੀ ਵੀ ਆਂਢ-ਗੁਆਂਢ ਦੇ ਪੰਛੀਆਂ ਨਾਲ ਗੱਲਾਂ ਵਿਚ ਰੁੱਝ ਗਈ। ਤਦੇ ਬੱਚਾ ਉੱਡਦਾ-ਉੱਡਦਾ ਆਪਣੀ ਮਾਂ ਕੋਲ ਆ ਬੈਠਾ। ਆਪਣੀ ਗਰਦਨ ਨੂੰ ਥੋੜ੍ਹਾ ਘੁਮਾ ਕੇ ਆਪਣੀ ਮਾਂ ਤੋਂ ਪੁੱਛਣ ਲੱਗਾ, "ਮਾਂ, ਮਾਂ... ਇਥੇ ਨਾਨੀ ਨੂੰ ਸਭ ਅੱਧੀ ਚੁੰਝ ਵਾਲੀ ਚਿੜੀ ਕਿਉਂ ਕਹਿੰਦੇ ਹਨ ?"

ਮਾਂ ਨੇ ਸਾਧਾਰਨ ਜਿਹੇ ਪ੍ਰਸ਼ਨ ਦਾ ਸਾਧਾਰਨ ਉੱਤਰ ਦੇ ਦਿੱਤਾ, "ਉਹਦੀ ਚੁੰਝ ਅੱਧੀ ਹੈ... ਇਸ ਕਰ ਕੇ...।"

"ਪਰ ਮੇਰੀ ਤਾਂ ਨਹੀਂ ਹੈ। ਨਾ ਹੀ ਤੇਰੀ ਹੈ... ਹੋਰਾਂ ਦੀ ਵੀ ਨਹੀਂ ਹੈ..."

ਇਸ ਗੱਲ ਦਾ ਸਹੀ ਅਤੇ ਪੂਰਾ ਜਵਾਬ ਮਾਂ ਕੋਲ ਨਹੀਂ ਸੀ। ਉਹ ਖਾਮੋਸ਼ ਹੋ ਕੇ ਇਧਰ ਉਧਰ ਦੇਖਣ ਲੱਗੀ।

ਕੋਲ ਬੈਠੇ ਕਬੂਤਰ ਨੇ ਸੋਚਿਆ ਇਹਨਾਂ ਨੂੰ ਸੱਚੋ-ਸੱਚ ਦੱਸ ਦੇਣਾ ਚਾਹੀਦਾ ਹੈ।

ਕਬੂਤਰ ਨੇ ਥੋੜ੍ਹਾ ਕੋਲ ਆ ਕੇ ਆਪਣੀ ਗੱਲ ਸ਼ੁਰੂ ਕੀਤੀ, "ਜਦ ਲੋਕਾਂ ਤੇ ਮਸ਼ੀਨ ਨੇ ਤਬਾਹੀ ਮਚਾਈ ਤਾਂ ਸਾਡਾ ਬਹੁਤ ਨੁਕਸਾਨ ਹੋਇਆ। ਬੇ-ਘਰ ਹੋਏ ਪੰਛੀਆਂ ਨੂੰ ਬਚੇ ਰੁੱਖਾਂ ਨੇ ਸ਼ਰਨ ਦਿੱਤੀ।

ਸਮਾਂ ਬੀਤਣ ਨਾਲ ਸਭ ਆਪੋ-ਆਪਣਾ ਦੁੱਖ ਭੁੱਲ ਗਏ ਪਰ ਅੱਧੀ ਚੁੰਝ ਵਾਲੀ ਚਿੜੀ ਆਪਣੇ ਆਲ੍ਹਣੇ ਵਾਲਾ ਰੁੱਖ ਨਾ ਭੁੱਲੀ। ਉਸ ਰੁੱਖ ਦੀਆਂ ਜੜ੍ਹਾਂ ਹੁਣ ਬਜਰੀ ਥੱਲੇ ਦੱਬੀਆਂ

Scanned with Ca

ਪਈਆਂ ਹਨ।

ਉਹ ਸਵੇਰ ਸਾਰ ਉੱਡ ਕੇ ਓਥੇ ਪਹੁੰਚ ਜਾਂਦੀ। ਫੇਰ ਪੱਕੀ ਥਾਂ ਉੱਪਰ ਚੁੰਝ ਮਾਰਨ ਲੱਗ ਪੈਂਦੀ। ਪਹਿਲਾਂ ਪਹਿਲ ਕਿਸੇ ਨੇ ਉਸ ਦੇ ਇਸ ਵਿਹਾਰ ਵੱਲ ਧਿਆਨ ਨਾ ਦਿੱਤਾ।

ਉਸ ਦੀ ਇਸ ਆਦਤ ਦਾ ਜਦ ਸਭ ਨੂੰ ਪਤਾ ਲੱਗਾ ਤਾਂ ਉਸ ਕੋਲੋਂ ਇਸ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਉਹ ਆਪਣੀ ਚੁੰਝ ਨਾਲ ਇਹ ਥਾਂ ਪੁੱਟ ਕੇ ਆਪਣੇ ਆਲ੍ਹਣੇ ਵਾਲਾ ਰੁੱਖ ਲੱਭ ਰਹੀ ਹੈ। ਅਸੀ ਉਸ ਨੂੰ ਸਮਝਾਇਆ ਕਿ ਕਿੱਥੇ ਮਸ਼ੀਨ ਤੇ ਕਿੱਥੇ ਚੁੰਝ।

ਪਰ ਉਸ ਨੇ ਅੱਜ ਤਕ ਕਿਸੇ ਦੀ ਗੱਲ ਨਹੀ ਮੰਨੀ। ਉਹ ਆਪਣੀ ਚੁੰਝ ਨਾਲ ਪੱਕੀ ਥਾਂ ਨੂੰ ਉਖੇੜ ਦੇਣ ਦਾ ਸੁਪਨਾ ਲੈਂਦੀ ਰਹਿੰਦੀ ਹੈ। ਇਸੇ ਕਰਕੇ ਉਸ ਦੀ ਚੁੰਝ ਘਸ-ਘਸ ਕੇ ਅੱਧੀ ਰਹਿ ਗਈ ਹੈ। ਤਾਂ ਹੀ ਸਾਰੇ ਇਸ ਨੂੰ ਅੱਧੀ ਚੁੰਝ ਵਾਲੀ ਚਿੜੀ ਕਹਿੰਦੇ ਹਨ। ਵਿਚਾਰੀ, ਚਿੜੀ... ਅੱਧੀ ਚੁੰਝ ਵਾਲੀ...।"

ਸਾਰੀ ਗੱਲ ਸੁਣ ਕੇ ਚਿੜੀ ਨੇ ਲੰਮਾ ਸਾਹ ਲਿਆ, "ਨਿੱਕੀ ਜਿਹੀ ਜਿੰਦ ਨੇ ਆਪਣੇ ਸਿਰ ਕਿੰਨਾ ਵੱਡਾ ਭਾਰ ਲਿਆ ਹੋਇਆ..."

ਬੱਚਾ ਵਿਚੋਂ ਹੀ ਬੋਲ ਪਿਆ, "ਨਾਨੀ ਨੇ ਮੈਨੂੰ ਕਹਾਣੀ ਨਹੀ ਸੁਣਾਈ। ਤੂੰ ਤਾਂ ਕਿਹਾ ਸੀ ਨਾਨੀ ਨੂੰ ਬਹੁਤ ਕਹਾਣੀਆਂ ਚੇਤੇ ਹਨ..."

ਚਿੜੀ ਨੇ ਉਸ ਵੱਲ ਮੂੰਹ ਫੇਰਦਿਆਂ ਕਿਹਾ, "ਸਮੇਂ ਦੀ ਗੱਲ ਹੈ.... ਹੁਣ ਤਾਂ ਉਹ ਸਭ ਕੁਝ ਭੁੱਲੀ ਬੈਠੀ ਹੈ....। ਕੀ ਕੀਤਾ ਜਾਵੇ !"

"ਉਸ ਨੂੰ ਆਪਣੇ ਨਾਲ ਲੈ ਚਲਦੇ ਹਾਂ !"

ਚਿੜੀ ਨੇ ਜਵਾਬ ਦਿੱਤਾ, "ਉਹ ਨਹੀ ਜਾਵੇਗੀ। ਮੈਂ ਜਾਣਦੀ ਹਾਂ।"

ਇੰਨੇ ਨੂੰ ਅੱਧੀ ਚੁੰਝ ਵਾਲੀ ਚਿੜੀ ਆ ਪਹੁੰਚੀ। ਚਿੜੀ ਦੇ ਬੱਚੇ ਨੇ ਬੜੇ ਉਤਸਾਹ ਨਾਲ ਕਿਹਾ, "ਨਾਨੀ, ਨਾਨੀ। ਤੇਰੀ ਸਾਰੀ ਕਹਾਣੀ ਕਬੂਤਰ ਨੇ ਸਾਨੂੰ ਸੁਣਾ ਦਿੱਤੀ ਹੈ। ਤੂੰ ਸਾਡੇ ਨਾਲ ਚੱਲ... 'ਕੱਠੇ ਰਹਾਂਗੇ। ਤੈਥੋਂ ਕਹਾਣੀਆਂ ਸੁਣਿਆ ਕਰਾਂਗੇ।"

ਨਾਨੀ ਨੇ ਬੱਚੇ ਦੀ ਗੱਲ ਦਾ ਜਵਾਬ ਨਾ ਦਿੱਤਾ।

ਤਦੇ ਚਿੜੀ ਨੇ ਕਿਹਾ, "ਜੇ ਤੂੰ ਨਹੀ ਜਾਣਾ ਚਾਹੁੰਦੀ ਨਾ ਸਹੀ। ਅਸੀ ਇਥੇ ਰਹਿ ਲੈਂਦੇ ਹਾਂ। ਤੇਰੇ ਕੰਮ ਵਿਚ ਤੇਰੀ ਮਦਦ ਕਰ ਦਿਆ ਕਰਾਂਗੇ...।"

ਅੱਧੀ ਚੁੰਝ ਵਾਲੀ ਚਿੜੀ ਨੂੰ ਇਹ ਵਿਚਾਰ ਚੰਗਾ ਨਾ ਲੱਗਾ। ਉਸ ਨੇ ਕਿਹਾ, "ਤੁਸੀ ਖੁਸ਼ ਰਹੋ। ਮੈਂ ਨਹੀ ਚਾਹੁੰਦੀ ਤੁਸੀ ਮੇਰੇ ਨਾਲ ਦੁੱਖ ਭੋਗੋ। ਆਪਣੀ ਲੜਾਈ ਮੈਂ ਖੁਦ ਲੜਾਂਗੀ।

Scanned with Ca

ਉਸ ਨੇ ਆਪਣੇ ਬੱਚਿਆਂ ਦੀ ਮਿੰਨਤ ਨਾ ਮੰਨੀ। ਸਗੋਂ ਆਪਣੀ ਦ੍ਰਿੜ ਆਵਾਜ਼ ਵਿਚ ਉਹਨਾਂ ਨੂੰ ਕਿਹਾ, "ਜੇ ਮੈਂ ਤੁਹਾਡੇ ਨਾਲ ਤੁਰ ਗਈ ਤਾਂ ਮੇਰਾ ਅਧੂਰਾ ਕੰਮ ਕੌਣ ਕਰੇਗਾ। ਮੈਂ ਇਸ ਬਜਰੀ ਥੱਲਿਓਂ ਆਪਣਾ ਆਲ੍ਹਣਾ ਲੱਭ ਕੇ ਹੀ ਸਾਹ ਲਵਾਂਗੀ।"

ਬਹੁਤ ਦੇਰ ਤਕ ਚੁੱਪ ਪਸਰੀ ਰਹੀ।

ਬੱਚਾ ਕਾਹਲਾ ਪੈ ਰਿਹਾ ਸੀ। ਨਾਨੀ ਨੇ ਉਸ ਦੀ ਹਾਲਤ ਦੇਖ ਚਿੜੀ ਨੂੰ ਕਿਹਾ, "ਤੁਸੀਂ ਆਪਣੇ ਘਰ ਜਾਓ। ਦਿਨੇ ਦਿਨੇ ਪਹੁੰਚ ਜਾਓ... ਬੱਚਾ ਉਦਾਸ ਹੋ ਰਿਹਾ ਹੈ...।"

ਉਹ ਉੱਡਣ ਹੀ ਵਾਲੇ ਸਨ ਕਿ ਉਹਨਾਂ ਦੇ ਕੰਨੀ ਮਾਂ ਚਿੜੀ ਦੇ ਬੋਲ ਪਏ, "ਤੁਸੀਂ ਜਦ ਆਉਣਾ ਚਾਹੋ ਆਓ... ਇਹ ਦਰ ਸਦਾ ਖੁੱਲ੍ਹਾ ਹੈ।"

ਅਗਲੇ ਹੀ ਪਲ ਮਾਂ ਅਤੇ ਬੱਚਾ ਖਲਾਅ ਵਿਚ ਉੱਡ ਰਹੇ ਸਨ।

Scanned with Ca

# ਰਾਜੇ ਦੀ ਪਰਜਾ

ਕਬੂਤਰ ਕਬੂਤਰ ਕਬੂਤਰ। ਜਿਧਰ ਦੇਖੋ ਓਹੀ ਨਜ਼ਰ ਆ ਰਹੇ ਹਨ।

ਇਕ ਵੱਡਾ ਸਾਰਾ ਥੜ੍ਹਾ। ਥੜ੍ਹੇ ਦੇ ਨਾਲ ਹੀ ਪਾਣੀ ਦਾ ਤਲਾਅ ਜਿਸ ਵਿਚ ਵਿਚਾਲੇ ਇਕ ਉੱਚਾ ਚਬੂਤਰਾ ਸੀ। ਚਬੂਤਰੇ ਉੱਪਰ ਘੋੜਾ ਅਤੇ ਘੋੜੇ ਉੱਪਰ ਰਾਜਾ। ਉਸ ਦੇ ਸਿਰ ਲੱਗੀ ਕਲਗੀ ਹਵਾ ਦੇ ਬੁੱਲ੍ਹੇ ਨਾਲ ਹਿੱਲਦੀ ਲਗਦੀ। ਰਾਜੇ ਦੇ ਖੱਬੇ ਹੱਥ ਘੋੜੇ ਦੀ ਲਗਾਮ ਸੀ ਤਾਂ ਸੱਜੇ ਹੱਥ ਵਿਚ ਨੰਗੀ ਤਲਵਾਰ।

ਦੂਰੋਂ ਦੇਖਿਆਂ ਘੋੜਾ ਹਵਾ ਉੱਪਰ ਤੁਰਦਾ ਹੋਇਆ ਲਗਦਾ।

ਜੇ ਰਾਜਾ ਹਵਾ ਵਿਚ ਸੀ ਤਾਂ ਉਸ ਦੀਆਂ ਨਜ਼ਰਾਂ ਥੱਲੇ ਕਬੂਤਰ ਸਨ। ਲੱਗਦਾ ਸੀ ਜਿਵੇਂ ਉਸ ਦੇ ਰਾਜ ਦੀ ਪਰਜਾ ਉਸ ਦੇ ਸਾਹਮਣੇ ਜੀ-ਵਸ ਰਹੀ ਹੈ।

ਅਨੇਕ ਚੁੰਝਾਂ ਪੱਥਰ ਦੇ ਫਰਸ਼ ਉੱਪਰ ਪਏ ਦਾਣਿਆਂ ਵਲ ਜਦ ਵੱਧਦੀਆਂ ਤਾਂ ਪੱਥਰ ਅਤੇ ਚੁੰਝ ਵਿਚਾਲੇ ਟੱਕਰ ਦੀ ਆਵਾਜ਼ ਲਹਿਰ ਫ਼ੈਲ ਜਾਂਦੀ।

ਕਿਸੇ ਦਾਣੇ ਤਕ ਪਹੁੰਚਣ ਲਈ ਭਰੀ ਉਡਾਨ ਵਾਸਤੇ ਉਹਨਾਂ ਦੇ ਪਰ ਨਿਰੰਤਰ ਖੁੱਲ੍ਹਦੇ ਅਤੇ ਬੰਦ ਹੁੰਦੇ ਰਹਿੰਦੇ। ਇਕ ਦੂਜੇ ਨਾਲ ਖਹਿ ਕੇ ਅੱਗੇ ਵਧਣ ਦੇ ਮੁਕਾਬਲੇ ਦਾ ਕਦੇ ਅੰਤ ਨਾ ਹੁੰਦਾ। ਮਿਲੇ ਜੁਲੇ ਇਹਨਾਂ ਕਾਰਜਾਂ ਦੀ ਲੈਆਤਮਕ ਆਵਾਜ਼ ਵੀ ਦੂਰ ਤਕ ਸੁਣੀ ਜਾ ਸਕਦੀ ਸੀ।

ਝੁੰਡ ਵਿਚ ਕਿੰਨੇ ਕਬੂਤਰ ਹਨ, ਕਿਸੇ ਰਾਜ ਵਿਚ ਕਿੰਨੇ ਲੋਕ ਰਹਿੰਦੇ ਹਨ, ਕਦੋਂ ਗਿਣ ਹੋਏ ਹਨ।

ਜੇ ਕੁਝ ਆਪਣੀ ਚੁੰਝ ਡੋਬ ਪਾਣੀ ਪੀ ਰਹੇ ਸਨ ਤਾਂ ਕੁਝ ਪਾਣੀ ਵਿਚ ਨਹਾ ਰਹੇ ਸਨ। ਕੁਝ ਆਸ-ਪਾਸ ਦੀਆਂ ਇਮਾਰਤਾਂ ਦੇ ਛੋਟੇ-ਵੱਡੇ ਵਾਧਰਿਆਂ 'ਤੇ ਬੈਠੇ ਉਘਲਾਉਣ ਜਾਂ ਨਿੱਕੇ-ਨਿੱਕੇ ਚੁਹਲ ਕਰਨ ਵਿਚ ਲੀਨ ਸਨ।

ਰੀਜਾ ਕਬੂਤਰ ਜ਼ਿਆਦਾ ਆਵਾਜ਼ ਕਰ-ਕਰ ਦੂਜਿਆਂ ਨੂੰ ਆਪਣੀ ਹਾਜ਼ਰੀ ਬਾਰੇ ਦੱਸ ਰਿਹਾ ਸੀ, "ਚੁੱਪ ਰਹੋ... ਕਿਉਂ ਉੱਚੀ-ਉੱਚੀ ਗੁਟਰ ਗੂ ਲਾਈ ਹੋਈ ਏ..."

Scanned with Ca




Scanned with Ca

ਉਸ ਦੇ ਬੋਲਾਂ ਦਾ ਕਿਸੇ ਉੱਪਰ ਕੋਈ ਅਸਰ ਨਾ ਹੋਇਆ। ਹਰੇਕ ਨੂੰ ਅੱਗੇ ਵਧ ਕੇ ਦਾਣਾ ਚੁਗਣ ਦੀ ਕਾਹਲ ਸੀ।

ਰੀਜੇ ਕਬੂਤਰ ਵਾਂਗ ਕੋਈ ਦੂਜਾ ਵੀ ਬੋਲ ਪੈਂਦਾ। ਉਹ ਵੀ ਚੁੱਪ ਰਹਿਣ ਦੀ ਹਦਾਇਤ ਕਰਦਿਆਂ ਦੋ-ਚਾਰ ਸ਼ਬਦ ਆਪਣੇ ਵਲੋਂ ਵੱਖਰੇ ਜੋੜ ਦਿੰਦਾ।

ਭੀੜ ਤਾਂ ਆਪਣੀ ਮਰਜ਼ੀ ਕਰਦੀ ਹੈ। ਉਹ ਕਿਸੇ ਦੀ ਗੱਲ ਨਹੀ ਸੁਣਦੀ।

ਦਾਣਾ ਚੁਗਦਿਆਂ-ਚੁਗਦਿਆਂ ਦਲ ਵਿਚ ਜਦ ਕੋਈ ਲੋਰ ਉਠਦੀ ਤਾਂ ਇਕ ਬੁੱਲ੍ਹੇ ਵਾਂਗ ਇਕ ਬਾਅਦ ਦੂਜਾ ਕਬੂਤਰ ਉੱਡਦਾ। ਪਲ-ਛਿਣ ਵਿਚ ਅਣਗਿਣਤ ਕਬੂਤਰਾਂ ਦਾ ਝੁੰਡ ਆਕਾਸ਼ ਵਿਚ ਘੁਮੇਰ ਲੈਣ ਲਗਦਾ।

ਇਹ ਪਰਿੰਦਿਆਂ ਦੀ ਉੱਡਦੀ ਬੱਦਲੀ ਜਿਹੀ ਲੱਗਦੀ। ਹਲਕੀ-ਮਿੱਠੀ ਧੁੱਪ ਵਿਚ ਉੱਡਦੇ ਕਬੂਤਰਾਂ ਦਾ ਪਰਛਾਵਾਂ ਇੰਜ ਲੱਗਦਾ ਜਿਵੇਂ ਧਰਤੀ 'ਤੇ ਕੋਈ ਅੱਖਰ ਲਿਖ ਰਿਹਾ ਹੋਵੇ।

ਕੁਝ ਸਮੇਂ ਬਾਅਦ ਜਦ ਕੋਈ ਪਹਿਲ ਕਰ ਕੇ ਥੱਲੇ ਉੱਤਰਦਾ ਤਾਂ ਸਾਰਾ ਝੁੰਡ ਉਸ ਦੀ ਨਕਲ ਕਰਦਾ ਹੋਇਆ ਜ਼ਮੀਨ 'ਤੇ ਆ ਟਿਕਦਾ ਅਤੇ ਚੋਗ ਚੁਗਣ ਵਿਚ ਰੁੱਝ ਜਾਂਦਾ।

ਬਜ਼ੁਰਗ ਕਬੂਤਰ ਨੇ ਇਕ ਵਾਰ ਜੋ ਕਿਹਾ ਉਹਦੇ ਵੱਲ ਤਾਂ ਕਿਸੇ ਦਾ ਕਦੇ ਧਿਆਨ ਗਿਆ ਹੀ ਨਹੀ ਸੀ। ਉਹਦੀ ਆਵਾਜ਼ ਵਿਚ ਗੁੱਸਾ ਸੀ, ਹਦਾਇਤ ਸੀ, ਤਰਲਾ ਸੀ, "ਤੁਸੀ ਕਿਸੇ ਦੀ ਨਹੀਂ ਸੁਣਦੇ। ਤੁਸੀਂ ਜੋ ਕਰ ਰਹੇ ਹੋ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ...."

ਗੱਲ ਨੂੰ ਵਿਚੋਂ ਟੋਕਦਿਆਂ ਕੋਈ ਬੋਲਿਆ, "ਅਸੀ ਕੀ ਕੀਤਾ.... ?"

ਇਕ ਹੋਰ ਜਣਾ ਬੋਲਿਆ, "ਸਾਨੂੰ ਖਾਣ, ਖੇਡਣ, ਉੱਡਣ ਤੋਂ ਹੀ ਵਿਹਲ ਨਹੀਂ ਮਿਲਦੀ। ਕੁਝ ਹੋਰ ਕਰਨ ਦਾ ਸਾਡੇ ਕੋਲ ਸਮਾਂ ਕਿੱਥੇ ਬਚਦਾ ਹੈ..."

ਆਪਣੀ ਗਰਦਨ ਨੂੰ ਕੋਸੀ ਧੁੱਪ ਵਿਚ ਲਿਸ਼ਕਾਉਂਦਾ ਕੋਈ ਪੇਟੂ ਕਹਿੰਦਾ, "ਖਾਣ ਨੂੰ ਦਾਣੇ ਨਹੀ ਲੱਭਦੇ ਇਸ ਭੀੜ ਵਿਚ। ਇਸ ਬੁੱਢੇ ਨੂੰ ਗੱਲਾਂ ਸੁੱਝ ਰਹੀਆਂ ਹਨ।"

ਜਦ ਇਹ ਪੇਟੂ ਬੋਲ ਰਿਹਾ ਸੀ ਤਾਂ ਕਿਸੇ ਨੇ ਉਸ ਦੀਆਂ ਲੱਤਾਂ ਵਿਚੋਂ ਦੀ ਆਪਣਾ ਸਿਰ ਲੰਘਾ ਉਸ ਕੋਲ ਪਏ ਬਾਜਰੇ ਦੇ ਦਾਣੇ ਨੂੰ ਆਪਣੀ ਚੁੰਝ ਵਿਚ ਅੜਾ ਲਿਆ।

ਪੇਟੂ ਨੇ ਮਨ ਹੀ ਮਨ ਸੋਚਿਆ ਕਿ ਦੂਸਰੇ ਦੀ ਗੱਲ ਵੱਲ ਧਿਆਨ ਦੇਣ ਨਾਲ ਮੂੰਹ ਪੈਂਦਾ-ਪੈਂਦਾ ਦਾਣਾ ਵੀ ਗਿਆ।

ਇਹ ਘੁਸਰ-ਮੁਸਰ ਇਕ ਪਾਸਿਓਂ ਸ਼ੁਰੂ ਹੋ ਕੇ ਦੂਜੇ ਪਾਸੇ ਵਲ ਵਧੀ ਜਾ ਰਹੀ ਸੀ।

Scanned with Ca

ਆਪਣੇ ਵਕਤ ਤੋਂ ਪਹਿਲਾਂ ਹੀ ਹਰ ਕੋਈ ਕੁਝ ਨਾ ਕੁਝ ਬੋਲਣਾ ਚਾਹੁੰਦਾ ਸੀ।

ਕਿਸੇ ਦੀ ਪਰਵਾਹ ਕੀਤੇ ਬਿਨਾਂ ਬੁੱਢਾ ਕਬੂਤਰ ਮੁੜ ਬੋਲਿਆ, "ਦੇਖੋ, ਉਸ ਰਾਜੇ ਵੱਲ। ਉਹ ਕੁਛ ਕਹਿਣਾ ਚਾਹੁੰਦਾ ਹੈ..."

"ਕੀ ਕਹਿ ਰਿਹਾ ਏ... ਸਾਨੂੰ ਤਾਂ ਨਹੀ ਸੁਣਿਆ," ਕੋਲੋਂ ਹੀ ਕਿਸੇ ਕਬੂਤਰ ਦੇ ਬੋਲ ਸਨ।

"ਉਹ ਨਹੀ ਚਾਹੁੰਦਾ ਅਸੀ ਉਸ ਸਾਹਮਣੇ ਖਰੂਦ ਕਰੀਏ।"

"ਖਰੂਦ, ਅਸੀ ਉਹਦੇ ਵੱਲ ਤਾਂ ਅੱਖ ਚੁੱਕ ਕੇ ਵੇਖਿਆ ਤਕ ਨਹੀ..."

"ਉਹ ਵੀ ਕਰ ਲਓ। ਫੇਰ ਦੇਖਿਉ ਆਪਣੀ ਹਾਲਤ। ਮੈਂ ਰਾਜੇ ਦੀਆਂ ਹਰਕਤਾਂ ਨੂੰ ਚਿਰ ਤੋਂ ਦੇਖ ਰਿਹਾ ਹਾਂ। ਉਹਦੇ ਵਿਚ ਬਦਲਾਅ ਆ ਰਿਹਾ ਹੈ...।"

"ਫੇਰ ਅਸੀ ਕੀ ਕਰੀਏ !"

"ਰਾਜੇ ਦਾ ਚਿਹਰਾ ਗੁੱਸੇ ਨਾਲ ਭਰਦਾ ਜਾ ਰਿਹਾ ਏ। ਉਹ ਦੇਖੋ। ਉਹ ਕਿਸੇ ਵੇਲੇ ਵੀ ਆਪਣੀ ਤਲਵਾਰ ਮਿਆਨੋਂ ਕੱਢ ਸਾਡੇ 'ਤੇ ਵਾਰ ਕਰ ਸਕਦਾ ਹੈ...", ਬੁੱਢਾ ਪੂਰੇ ਜ਼ੋਰ ਨਾਲ ਬੋਲ ਰਿਹਾ ਸੀ। ਉਹਦੇ ਬੋਲਾਂ 'ਚੋਂ ਤਰਫ਼ਦਾਰੀ ਦੀ ਬੋ ਆ ਰਹੀ ਸੀ।

"ਵਾਰ ਕਰ ਦੇਵੇਗਾ। ਕਿਉਂ ? ਅਸੀ ਕੀ ਵਿਗਾੜਿਆ ਉਹਦਾ ?", ਨੌਜਵਾਨ ਕਬੂਤਰ ਨੇ ਆਪਣੇ ਪਰਾਂ ਨੂੰ ਫ਼ੈਲਾਉਂਦਿਆਂ ਕਿਹਾ।

"ਰਾਜੇ ਨੂੰ ਤੁਹਾਡੀਆਂ ਹਰਕਤਾਂ ਪਸੰਦ ਨਹੀ। ਲਗਦੈ ਉਸ ਦੇ ਸਬਰ ਦਾ ਪਿਆਰਾ ਭਰ ਗਿਆ ਹੈ। ਨਿੱਤ ਉਸ ਦੀ ਤਲਵਾਰ ਮਿਆਨੋਂ ਬਾਹਰ ਆ ਰਹੀ ਹੈ..."

ਨੌਜਵਾਨ ਨੇ ਆਪਣੇ ਪੈਰਾਂ ਨੂੰ ਜ਼ਮੀਨ 'ਤੇ ਚੰਗੀ ਤਰ੍ਹਾਂ ਟਿਕਾਉਂਦਿਆਂ ਅਤੇ ਧੌਣ ਨੂੰ ਉੱਚਾ ਕਰਦਿਆਂ ਕਿਹਾ, "ਹਰਕਤਾਂ ? ਅਸੀ ਆਪਣੇ ਢੰਗ ਨਾਲ ਜੀਅ ਰਹੇ ਹਾਂ। ਅਸੀ ਫੇਰ ਵੀ ਉਸ ਦੀਆਂ ਅੱਖਾਂ ਦੀ ਰੜਕ ਬਣੇ ਹੋਏ ਹਾਂ...। ਕਿਉਂ ?"

"ਕਿਉਂਕਿ ਤੁਸੀ ਉਸ ਦੀ ਇੱਜ਼ਤ ਨਹੀ ਕਰਦੇ। ਕੋਈ ਉਸ ਦੇ ਸਿੰਘਾਸਨ 'ਤੇ ਜਾ ਬੈਠਦਾ ਹੈ। ਕੋਈ ਮੋਢੇ ਚੜ੍ਹ ਬੈਠਦਾ ਹੈ ਤੇ ਕੋਈ ਸਿਰ 'ਤੇ..."

ਇਹਦੇ ਨਾਲ ਕੀ ਹੋ ਜਾਂਦਾ ਹੈ ? ਜੇ ਉਹ ਸਾਡਾ ਹੈ ਤਾਂ ਅਸੀ ਵੀ ਤਾਂ ਉਸ ਦੇ ਕੁਛ ਹਾਂ", ਨੌਜਵਾਨ ਦੀਆਂ ਗੱਲਾਂ ਨੇ ਕਬੂਤਰਾਂ ਦੀ ਤਦਾਦ ਨੂੰ ਦੋ ਧਿਰਾਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ। ਕਈ ਬੁੱਢੇ ਕਬੂਤਰ ਦੇ ਹੱਥ ਵਿਚ ਖੜ੍ਹ ਗਏ ਅਤੇ ਕਈ ਨੌਜਵਾਨ ਕਬੂਤਰ ਦੀ ਗੱਲ ਨੂੰ ਸਹੀ ਮੰਨਣ ਲੱਗੇ।

Scanned with Ca

ਹਰ ਪਾਸਾ ਆਪਣੇ ਵੱਲ ਵੱਧ ਕਬੂਤਰ ਹੋਣ ਦਾ ਭਰਮ ਪਾਲ ਰਿਹਾ ਸੀ ਅਤੇ ਇਸੇ ਆਧਾਰ 'ਤੇ ਉਹ ਖੁਦ ਨੂੰ ਤਾਕਤਵਰ ਮੰਨ ਰਿਹਾ ਸੀ।

ਤਾਕਤ ਦੇ ਵਿਖਾਵੇ ਨੂੰ ਘੋੜੇ ਚੜ੍ਹਿਆ ਰਾਜਾ ਵੀ ਦੇਖ ਰਿਹਾ ਹੈ। ਇਹ ਉਹਨਾਂ ਦੀ ਸੋਚ ਸੀ।

ਦੋਹਾਂ ਵਿਚਾਲੇ ਬੋਲ-ਬੁਲਾਰਾ ਗਰਮ ਤੋਂ ਗਰਮਤਰ ਹੁੰਦਾ ਜਾ ਰਿਹਾ ਸੀ।

ਇਸ ਤਕਰਾਰ ਨੇ ਕਈਆਂ ਦਾ ਧਿਆਨ ਦਾਣਿਆਂ ਤੋਂ ਹਟਾ ਲਿਆ ਸੀ। ਦਾਣੇ ਉਹਨਾਂ ਦੇ ਪੈਰਾਂ ਥੱਲੇ ਆ ਕੇ ਇਧਰ-ਉਧਰ ਖਿਲਰਨ ਲੱਗੇ।

ਦਾਣੇ ਅਤੇ ਚੁੰਝ ਵਿਚਾਲੇ ਫਾਸਲਾ ਕਦੇ ਵੀ ਇਸ ਹੱਦ ਤਕ ਨਹੀ ਸੀ ਵਧਿਆ।

ਬੋਲ-ਬਾਣੀ ਦੇ ਨਾਲ-ਨਾਲ ਦੋਹਾਂ ਗੁੱਟਾਂ ਦੇ ਮੋਹਰੀਆਂ ਅਤੇ ਉਹਨਾਂ ਦੇ ਹਮਾਇਤੀਆਂ ਦੀਆਂ ਸਰੀਰਕ ਹਰਕਤਾਂ ਵੀ ਬਦਲਦੀਆਂ ਜਾ ਰਹੀਆਂ ਸਨ।

ਉੱਚੀ ਆਵਾਜ਼ ਦੀ ਜਗ੍ਹਾ ਚੁੰਝਾਂ, ਨਹੁੰਦਰਾਂ ਲੈ ਸਕਦੀਆਂ ਸਨ। ਇਸ ਨਾਲ ਦਾਣਿਆਂ ਉੱਪਰ ਲਹੂ ਦੀ ਪਰਤ ਚੜ੍ਹ ਜਾਣੀ ਸੀ।

ਅਤੇ ਘੋੜੇ ਚੜ੍ਹੇ ਰਾਜੇ ਨੇ ਓਥੇ ਹੀ ਟਿਕੇ ਰਹਿਣਾ ਸੀ। ਵਿਚ ਪੈ ਕੇ ਉਹਨਾਂ ਨੂੰ ਸ਼ਾਂਤ ਨਹੀਂ ਕਰਨਾ ਸੀ।

ਉਸ ਦੇ ਦਖ਼ਲ ਦੇ ਬਿਨਾਂ ਇਕ ਹੋਰ ਖ਼ੂਨੀ ਸਾਕਾ ਵਾਪਰ ਜਾਣਾ ਸੀ।

ਨੌਜਵਾਨ ਕਬੂਤਰ ਦੇ ਫੁੱਲੇ ਫੰਘ ਮੱਠੀ-ਮਿੱਠੀ ਹਵਾ ਨਾਲ ਹਿੱਲ ਰਹੇ ਸਨ। ਉਸ ਦੇ ਸਿਰ ਵਾਲੇ ਫੰਘ ਸਿੱਧੇ ਹੋ ਕੇ ਨਿੱਕੀ ਕਲਗੀ ਦਾ ਭਰਮ ਪਾ ਰਹੇ ਸਨ।

ਇਸ ਕਬੂਤਰ ਨੇ ਆਪਣਾ ਸਿਰ ਨੀਵਾਂ ਕੀਤਾ। ਕੁਛ ਸੋਚਿਆ। ਪਲਾਂ ਵਿਚ ਆਪਣੇ ਪਰਾਂ ਆਸਰੇ ਉਹ ਅਸਮਾਨ ਵਿਚ ਸੀ। ਉਸ ਦੇ ਪਿੱਛੇ ਉਸ ਦੇ ਹਮਦਰਦ ਸਾਥੀ ਵੀ ਵਾਰੋ ਵਾਰੀ ਉਡਾਨ ਭਰਨ ਲੱਗੇ।

ਦੇਖਦਿਆਂ-ਦੇਖਦਿਆਂ ਕਬੂਤਰਾਂ ਦੀ ਬੱਦਲੀ ਅਸਮਾਨ ਵਿਚ ਚੱਕਰ ਕੱਟਣ ਲੱਗੀ। ਇਹ ਪਹਿਲਾਂ ਵਾਂਗ ਸੰਘਣਾ ਨਹੀਂ ਸੀ ਕਿਉਂਕਿ ਕਈ ਕਬੂਤਰ ਥੱਲੇ ਹੀ ਬੈਠੇ ਰਹੇ। ਉਹ ਇਸ ਨੌਜਵਾਨ ਦਾ ਸਾਥ ਨਹੀ ਦੇ ਰਹੇ।

ਲਗਦਾ ਸੀ ਜਿਵੇਂ ਉੱਡਦੇ ਕਬੂਤਰ ਖਲਾਅ ਨੂੰ ਮੱਥ ਰਹੇ ਹੋਣ। ਥੱਲੇ ਰਹਿ ਗਏ ਕਬੂਤਰਾਂ ਦੀਆਂ ਧੌਣਾਂ ਪਰਵਾਜ਼ ਦਾ ਪਿੱਛਾ ਕਰ ਰਹੀਆਂ ਸਨ ਅਤੇ ਉਹਨਾਂ ਦੇ ਸੀਨੇ ਧੌਂਕਣੀ ਵਾਂਗ ਉੱਚੇ-ਨੀਵੇਂ ਹੋ ਰਹੇ ਸਨ।

Scanned with Ca

ਉਡਾਨ ਦੀ ਵੱਧਦੀ ਗਤੀ ਅਤੇ ਬੀਤਦੇ ਸਮੇਂ ਨੇ ਸਭ ਨੂੰ ਦੋਚਿੱਤੀ ਵਿਚ ਪਾ ਦਿੱਤਾ।

ਗਤੀ ਨੇ ਮੋਹਰੀ ਨੂੰ ਲੁਕਾਅ ਲਿਆ ਸੀ। ਹੁਣ ਹਰ ਕੋਈ ਆਗੂ ਦਿਸ ਰਿਹਾ ਸੀ।

ਤਦੇ ਉਸ ਝੁੰਡ ਵਿਚੋਂ ਮੋਹਰੀ ਕਬੂਤਰ ਰਾਜੇ ਦੇ ਸਿਰ ਪਾਏ ਤਾਜ ਉੱਪਰ ਜਾ ਬੈਠਾ। ਤੇਜ਼ ਗਤੀ ਵਿਚ ਉੱਡਦੇ ਰਹਿਣ ਕਾਰਨ ਉਸ ਦੀ ਛਾਤੀ ਜਲਦੀ-ਜਲਦੀ ਉੱਤੇ-ਥੱਲੇ ਹੋ ਰਹੀ ਸੀ। ਉਸ ਨੇ ਪੈਰਾਂ ਭਾਰ ਆਪਣੀ ਦੇਹ ਨੂੰ ਸਹੀ ਤਰ੍ਹਾਂ ਟਿਕਾਇਆ ਅਤੇ ਗਰਦਨ ਨੂੰ ਘੁੰਮਾ ਕੇ ਚੁਫ਼ੇਰੇ ਦੇਖਿਆ।

ਉੱਥੇ ਬੈਠਾ-ਬੈਠਾ ਉਹ ਥੋੜ੍ਹਾ ਚਿਰ ਗੁਟਕਿਆ। ਫੇਰ ਆਪਣਾ ਪਿਛਲਾ ਹਿੱਸਾ ਨੀਵਾਂ ਕਰ ਕੇ ਰਾਜੇ ਦਾ ਸਿਰ ਬਿੱਠ ਨਾਲ ਭਰ ਦਿੱਤਾ।

ਉਸ ਦੇ ਸਾਥੀ ਕਬੂਤਰ ਉਸੇ ਗਤੀ ਵਿਚ ਅਸਮਾਨ ਵਿਚ ਉੱਡਦੇ ਰਹੇ। ਉਹ ਆਪਣੇ ਸਾਥੀ ਕਬੂਤਰ ਦੀ ਹਿੰਮਤ ਦੀ ਖੁਸ਼ੀ ਵਿਚ ਏਦਾਂ ਕਰ ਰਹੇ ਸਨ ਜਾਂ ਸੁਭਾਅ ਕਾਰਨ, ਕੁਝ ਕਿਹਾ ਨਹੀਂ ਜਾ ਸਕਦਾ।

ਕਬੂਤਰ ਦੀ ਇਸ ਹਰਕਤ ਨੂੰ ਥੱਲੇ ਬੈਠੇ ਕਈ ਕਬੂਤਰਾਂ ਨੇ ਦੇਖਿਆ। ਗਿਣਤੀ ਵਿਚ ਜ਼ਿਆਦਾ ਹੋਣ ਦੇ ਬਾਵਜੂਦ ਉਹ ਉਸਦਾ ਕੁਝ ਨਾ ਵਿਗਾੜ ਸਕੇ।

ਰਾਜੇ ਦੇ ਸਿਰੋਂ ਉੱਡ ਉਹ ਕਬੂਤਰ ਆਪਣੇ ਉਡਦੇ ਸਾਥੀਆਂ ਨਾਲ ਮੁੜ ਜਾ ਰਲਿਆ।

ਝੁੰਡ ਹੁਣ ਹੋਰ ਤੇਜ਼ੀ ਨਾਲ ਚੱਕਰ ਕੱਟ ਰਿਹਾ ਸੀ।

ਚੱਕਰ ਕੱਟਦੇ ਕਬੂਤਰਾਂ ਵਿਚੋਂ ਇਕ ਕਬੂਤਰ ਅਲੱਗ ਹੋ ਕੇ ਜਦ ਜ਼ਮੀਨ ਵੱਲ ਵਧਿਆ ਤਾਂ ਦੂਜਿਆਂ ਨੇ ਵੀ ਉਹਦੀ ਰੀਸ ਕੀਤੀ। ਜਿਸ ਨੂੰ ਜਿੱਥੇ ਥਾਂ ਮਿਲੀ ਉਹ ਉੱਥੇ ਜਾ ਬੈਠਾ।

ਪੂਰਾ ਕਬੂਤਰ ਸਮੂਹ ਦੋ ਗੁੱਟਾਂ ਵਿਚ ਵੰਡਿਆ ਗਿਆ।

ਦੋਹਾਂ ਧਿਰਾਂ ਦੇ ਕਬੂਤਰ ਹੁਣ ਆਮ੍ਹਣੇ-ਸਾਹਮਣੇ ਸਨ। ਹਰ ਕੋਈ ਇਕ ਦੂਜੇ ਦੇ ਚਿਹਰੇ ਦੀ ਨਿਸ਼ਾਨਦੇਈ ਕਰ ਰਿਹਾ ਸੀ।

ਦੇਖਣ ਵਾਲੇ ਨੂੰ ਲੱਗ ਰਿਹਾ ਸੀ ਜਿਵੇਂ ਘੋੜ ਸਵਾਰ ਰਾਜਾ ਅੰਦਰੋ-ਅੰਦਰ ਮੁਸਕਰਾ ਰਿਹਾ ਹੈ।

Scanned with Ca

# ਤੋਤਾ


ਘਰ ਵਿਚ ਇਕ ਤੋਤਾ ਰਹਿ ਰਿਹਾ ਸੀ।

ਨਹੀਂ, ਨਹੀਂ। ਘਰਵਾਲਿਆਂ ਨੇ ਇਕ ਤੋਤਾ ਪਾਲਿਆ ਹੋਇਆ ਸੀ। ਇਹ ਕੋਈ ਅਣਹੋਣੀ ਘਟਨਾ ਨਹੀਂ ਸੀ।

ਇਸ ਤੋਤੇ ਦਾ ਇਕ ਨਾਂ ਵੀ ਸੀ। ਇਹ ਜਦ ਕਿਸੇ ਘਰ ਵਿਚ ਕੈਦ ਹੋ ਜਾਵੇ ਤਾਂ ਉਸ ਦਾ ਨਾਂ ਹੁੰਦਾ ਹੈ : ਮਿੱਠੂ ਜਾਂ ਮਿੱਠੂ ਰਾਮ।

ਇਸ ਤੋਤੇ ਨੂੰ ਵੀ ਘਰ ਦਾ ਮਾਲਕ ਜੀਵਨ, ਮਾਲਕਣ ਜੋਤੀ ਅਤੇ ਉਹਨਾਂ ਦਾ ਬੱਚਾ ਪਵਨ ਮਿੱਠੂ ਕਹਿ ਕੇ ਸੱਦਦੇ ਹਨ।

ਤਿੰਨ ਕਮਰਿਆਂ ਦੇ ਘਰ ਦੇ ਅੱਗੇ-ਪਿੱਛੇ ਵਰਾਂਡਾ ਹੈ। ਚਾਰੋਂ ਪਾਸੇ ਖੁੱਲ੍ਹੀ ਥਾਂ ਦੇ ਬਾਅਦ ਉੱਚੀ-ਉੱਚੀ ਚਾਰਦੀਵਾਰੀ ਹੈ ਜਿਸ ਦੇ ਅੰਦਰਲੇ ਅਤੇ ਖ਼ਾਸ ਕਰ ਕੇ ਬਾਹਰਲੇ ਪਾਸੇ ਸੰਘਣੀ ਹਰਿਆਵਲ ਹੈ।



Scanned with Ca

ਘਰ ਦੀ ਰਾਖੀ ਵਾਸਤੇ ਘਰ ਵਾਲਿਆਂ ਨੇ ਕੁੱਤਾ ਪਾਲਿਆ ਹੋਇਆ ਹੈ। ਘਰ ਅੰਦਰ ਓਹੀ ਸਭ ਤੋਂ ਵੱਧ ਆਜ਼ਾਦ ਹੈ। ਉਸ ਨੂੰ ਘੁੰਮਣ, ਫਿਰਨ, ਉੱਠਣ-ਬੈਠਣ ਦੀ ਕੋਈ ਮਨਾਹੀ ਨਹੀਂ।

ਤੋਤੇ ਅਤੇ ਕੁੱਤੇ ਵਿਚਾਲੇ ਇਸ ਪੱਖੋਂ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਤੋਤਾ ਸਦਾ ਪਿੰਜਰੇ ਵਿਚ ਹੀ ਰੱਖਿਆ ਜਾਂਦਾ ਹੈ।

ਲੈ-ਦੇ ਕੇ ਇਹਨਾਂ ਪੰਜਾਂ ਜਣਿਆਂ ਦੀ ਸ਼ਮੂਲੀਅਤ ਸਦਕਾ "ਪੂਰਾ ਘਰ" ਬਣਦਾ ਹੈ।

ਜਦ ਜੀਵਨ ਆਪਣੇ ਦਫ਼ਤਰ ਅਤੇ ਪਵਨ ਸਕੂਲ ਤੁਰ ਜਾਂਦਾ ਤਾਂ ਜੋਤੀ ਸਮਾਂ ਕੱਟਣ ਲਈ ਟੀ. ਵੀ. ਦਾ ਆਸਰਾ ਲੈ ਲੈਂਦੀ।

ਵਰਾਂਡੇ ਦੀ ਛੱਤ ਨਾਲ ਲਟਕਦੀ ਤਾਰ ਨਾਲ ਬੱਝੇ ਪਿੰਜਰੇ ਵਿਚ ਬੈਠਾ-ਬੈਠਾ ਮਿੱਠੂ ਆਪਣਾ ਸਿਰ ਟੀ. ਵੀ. ਵੱਲ ਘੁੰਮਾ ਲੈਂਦਾ। ਕੁੱਤਾ ਵੀ ਪੂਛ ਹਿਲਾਉਂਦਾ-ਹਿਲਾਉਂਦਾ ਪ੍ਰਗਟ ਹੋ ਜਾਂਦਾ। ਥੋੜ੍ਹਾ ਚਿਰ ਆਪਣੀ ਮਾਲਕਣ ਦੇ ਪੈਰਾਂ ਵਿਚ ਲਿਟਦਾ, ਉਹਨਾਂ ਨੂੰ ਚੁੰਮਣ-ਚੱਟਣ ਬਾਅਦ ਆਪਣਾ ਸਿਰ ਫਰਸ਼ 'ਤੇ ਟਿਕਾਅ ਸਰੀਰ ਨੂੰ ਢਿੱਲਾ ਛੱਡ ਲੰਮਾ ਪੈ ਜਾਂਦਾ। ਜੇ ਮਾਲਕਣ ਕਿਸੇ ਕੰਮ ਰੁੱਝੀ ਹੁੰਦੀ ਤਾਂ ਉਹ ਜਿਥੇ ਠੀਕ ਸਮਝਦਾ ਬੈਠ ਜਾਂਦਾ। ਉਹ ਕਿਸੇ ਕੋਲ ਵੀ ਬੈਠੇ, ਕਿਤੇ ਵੀ ਬੈਠੇ, ਉਸ ਦੀਆਂ ਅੱਖਾਂ ਟੀ. ਵੀ. ਤੋਂ ਲਾਂਭੇ ਨਾ ਹੁੰਦੀਆਂ।

ਟੀ. ਵੀ. ਤਿੰਨਾਂ ਨੂੰ ਸਾਰਾ-ਸਾਰਾ ਦਿਨ ਆਪਸ ਵਿਚ ਜੋੜੀ ਰੱਖਦਾ। ਉਹਨਾਂ ਦੀ ਇਕਾਗਰਤਾ ਤੋਂ ਲੱਗਦਾ ਉਹ ਖ਼ਬਰ ਜਾਂ ਸੀਰੀਅਲ ਨੂੰ ਦੇਖਦੇ ਤਾਂ ਇਕੱਠੇ ਹਨ ਪਰ ਉਸ ਉੱਤੇ ਵਿਚਾਰ ਆਪੋ-ਆਪਣੇ ਢੰਗ ਨਾਲ ਕਰਦੇ ਹਨ।

ਇਹ ਗੱਲ ਬਿਲਕੁਲ ਸਹੀ ਹੈ ਕਿ ਉਹਨਾਂ ਕਿਸੇ ਘਟਨਾ ਬਾਰੇ ਆਪਣੇ ਵਿਚਾਰ ਇਕ-ਦੂਜੇ ਨਾਲ ਕਦੇ ਸਾਂਝੇ ਨਹੀਂ ਕੀਤੇ।

ਇਕ ਵਾਰ ਘਰ ਦੇ ਕੰਮਕਾਰ ਤੋਂ ਵਿਹਲੀ ਹੋ ਕੇ ਜੋਤੀ ਟੀ. ਵੀ. ਸਾਹਮਣੇ ਬੈਠੀ ਜਦ ਉਸ ਦੇ ਚੈਨਲ ਬਦਲ ਰਹੀ ਸੀ ਤਾਂ ਇਕ ਥਾਂ ਆ ਕੇ ਉਸ ਦੀ ਉਂਗਲ ਅਟਕ ਗਈ। ਦਿਖਾਏ ਜਾ ਰਹੇ ਦ੍ਰਿਸ਼ ਨੇ ਉਸ ਨੂੰ ਅੱਗੇ ਨਾ ਵਧਣ ਦਿੱਤਾ।

ਇਹ ਦ੍ਰਿਸ਼ ਆਬਾਦੀ ਤੋਂ ਜ਼ਰਾ ਹਟਵੀ ਥਾਂ ਦਾ ਸੀ ਜਿਥੇ ਨਿੱਕੀਆਂ-ਵੱਡੀਆਂ ਸੰਘਣੀਆਂ ਝਾੜੀਆਂ ਅਤੇ ਬੂਝਿਆਂ ਦਾ ਸਾਮਰਾਜ ਸੀ। ਇਕ ਪਰੇਸ਼ਾਨ ਰਿੱਛ ਇਹਨਾਂ ਵਿਚ ਖੁਦ ਨੂੰ ਲੁਕਾਉਣ ਦਾ ਜਤਨ ਕਰ ਰਿਹਾ ਸੀ।

ਪਿੰਡ ਦੇ ਲੋਕਾਂ ਦੀ ਭੀੜ ਉਸ ਦਾ ਪਿੱਛਾ ਕਰ ਰਹੀ ਸੀ ਜਿਸ ਵਿਚ ਛੋਟੇ-ਵੱਡੇ ਸਭ

Scanned with Ca

ਸ਼ਾਮਿਲ ਸਨ। ਹਰ ਹੱਥ ਵਿਚ ਪੱਥਰ ਸੀ। ਭੀੜ ਨੂੰ ਝਾੜੀਆਂ ਵਿਚ ਲੁਕਿਆ ਰਿੱਛ ਜਦ ਦਿਸ ਪੈਂਦਾ ਹੈ ਤਾਂ ਸਾਰੇ ਪੱਥਰ ਉਸ ਪਾਸੇ ਵੱਲ ਜਾਂਦੇ।

ਮਾਰਨ ਦਾ ਕਾਰਨ ਇਕੋ ਸੁਣਾਈ ਦਿੱਤਾ ਕਿ ਇਹ ਸਾਡੀ ਬਸਤੀ ਦੇ ਇੰਨੀ ਨੇੜੇ ਕਿਉਂ ਆਇਆ ਹੈ।

ਦੇਖਦਿਆਂ-ਦੇਖਦਿਆਂ ਕਿਸੇ ਨੇ ਝਾੜੀਆਂ ਨੂੰ ਅੱਗ ਲਾ ਦਿੱਤੀ। ਪੱਥਰਾਂ ਦੀ ਮਾਰ ਸਹਾਰਦਾ ਰਿੱਛ ਹੁਣ ਬੇਆਸ ਹੋ ਕੇ ਡਿੱਗ ਪਿਆ। ਹਰ ਪਾਸੇ ਤਿੜ-ਤਿੜ ਕਰ ਕੇ ਘਾਹ ਦੇ ਬਲਣ ਦੀ ਆਵਾਜ਼ ਸੀ ਅਤੇ ਧੂੰਏਂ ਦੇ ਨਿੱਕੇ-ਵੱਡੇ ਆਕਾਰ।

ਸਾਰੀ ਹੋਣੀ ਨੂੰ ਮਿੱਠੂ ਇਕ ਚਿੱਤ ਹੋ ਦੇਖ ਰਿਹਾ ਸੀ। ਵਧਦੀ ਅੱਗ ਤੋਂ ਬੇਚੈਨ ਹੋਇਆ ਮਿੱਠੂ ਚੀਕ ਕੇ ਬੋਲਿਆ, "ਬੰਦ ਕਰੋ.. ਟੀ. ਵੀ.। ਇਹ ਲੋਕ ਠੀਕ ਨਹੀਂ ਕਰ ਰਹੇ।"

ਕੁੱਤਾ ਆਪਣੀ ਪਹਿਲੀ ਮੁਦਰਾ ਵਿਚ ਬੈਠਾ ਰਿਹਾ। ਬੈਠੇ-ਬੈਠੇ ਨੇ ਅੱਖਾਂ ਘੁਮਾ ਕੇ ਮਿੱਠੂ ਵੱਲ ਦੇਖਿਆ।

ਜੋਤੀ ਨੇ ਕਿਸੇ ਹੋਰ ਸੀਰੀਅਲ ਵਾਂਗ ਇਸ ਨੂੰ ਵੀ ਉਸੇ ਦਾ ਅੰਗ ਜਾਣ ਕੇ ਆਰਾਮ ਨਾਲ ਕਿਹਾ, "ਕੀ ਹੋਇਆ ਏ ਤੈਨੂੰ ? ਥੋੜ੍ਹੀ ਦੇਰ ਦੇਖਣ ਲੈਣ ਦੇ।"

"ਨਹੀਂ, ਇਹ ਜ਼ੁਲਮ ਹੈ। ਜਾਨਵਰ ਸਿਰਫ਼ ਇਕ ਤੇ ਉਸ ਨੂੰ ਮਾਰਨ ਵਾਲੇ ਕਈ। ...ਨਿਰਾ ਜ਼ੁਲਮ ਹੈ, ਇਹ।"

ਥੋੜ੍ਹਾ ਚਿਰ ਚੁੱਪ ਰਹਿਣ ਬਾਅਦ ਉਹ ਫੇਰ ਬੋਲਿਆ, "ਮਰਦੇ ਰਿੱਛ ਨੂੰ ਜੇ ਤੁਸੀਂ ਦੇਖਣਾ ਚਾਹੁੰਦੇ ਓ ਤਾਂ ਦੇਖੋ। ਰੱਬ ਦੇ ਵਾਸਤੇ ਮੇਰੇ ਪਿੰਜਰੇ ਨੂੰ ਇਥੋਂ ਲਾਹ ਕੇ ਕਿਤੇ ਹੋਰ ਰੱਖ ਦਿਓ।"

ਇਸ ਘਟਨਾ ਨੇ ਮਿੱਠੂ ਨੂੰ ਉਦਾਸ ਕਰ ਦਿੱਤਾ।

ਉਦਾਸੀ ਉਸ ਨੂੰ ਬਚਪਨ ਦੇ ਦਿਨਾਂ ਵੱਲ ਲੈ ਗਈ। ਉਸ ਨੂੰ ਉਹ ਸਮਾਂ ਚੇਤੇ ਆਇਆ ਜਦ ਉਹ ਨਿੱਕਾ ਹੁੰਦਾ ਸਾਰਾ ਸਮਾਂ ਆਲ੍ਹਣੇ ਦੇ ਵਿਚਕਾਰ ਬੈਠਾ ਰਹਿੰਦਾ ਸੀ। ਜਿਥੋਂ ਤਕ ਉਸ ਦੀ ਨਜ਼ਰ ਜਾਂਦੀ ਹਰਿਆਲੀ ਹੀ ਹਰਿਆਲੀ ਦਿਸਦੀ।

ਉਸ ਦੀ ਮਾਂ ਜਦ ਵੀ ਆਲ੍ਹਣੇ ਵੱਲ ਪਰਤਦੀ ਉਸ ਨੂੰ ਖਾਣ ਲਈ ਕੁਝ ਨਾ ਕੁਝ ਮਿਲ ਜਾਂਦਾ।

ਆਪਣੀ ਥਾਂ ਬੈਠਿਆਂ-ਬੈਠਿਆਂ ਉਸ ਨੇ ਦੂਜੇ ਪੰਖੇਰੂਆਂ ਦੇ ਰੰਗ-ਰੂਪ ਨੂੰ ਦੇਖਿਆ ਅਤੇ

Scanned with Ca

ਉਹਨਾਂ ਦੀਆਂ ਆਵਾਜ਼ਾਂ ਨੂੰ ਸੁਣਿਆ।

ਦਿਨਾਂ ਬਾਅਦ ਉਹ ਸਮਾਂ ਵੀ ਆਇਆ ਜਦ ਹੋਰ ਆਵਾਜ਼ਾਂ ਦੇ ਨਾਲ-ਨਾਲ ਉਸ ਨੇ ਆਪਣੀ ਆਵਾਜ਼ ਰਲਾਉਣੀ ਸ਼ੁਰੂ ਕਰ ਦਿੱਤੀ।

ਜਦ ਥੋੜ੍ਹਾ ਹੋਰ ਵੱਡਾ ਹੋਇਆ ਤਾਂ ਆਲ੍ਹਣੇ ਦੇ ਕਿਨਾਰੇ ਬੈਠ ਕੇ ਇਧਰ-ਉਧਰ ਦੇਖਣਾ ਸ਼ੁਰੂ ਕੀਤਾ। ਇਸੇ ਵੇਲੇ ਜ਼ਮੀਨ 'ਤੇ ਘੁੰਮਦੇ ਛੋਟੇ-ਵੱਡੇ ਕਈ ਜਾਨਵਰ ਦੇਖਣ ਦਾ ਮੌਕਾ ਮਿਲਿਆ।

ਉਹ ਛਿਣ ਯਾਦ ਕਰਦਿਆਂ ਉਸ ਦੀ ਸਾਰੀ ਦੇਹ ਕੰਬ ਗਈ ਜਦ ਉਸ ਨੇ ਆਪਣੀ ਪਹਿਲੀ ਉਡਾਨ ਭਰੀ ਸੀ।

ਉਸ ਵੇਲੇ ਉਹਦੇ ਲਈ ਸਭ ਕੁਝ ਬਦਲ ਗਿਆ ਸੀ।

ਨਵੀਆਂ ਥਾਵਾਂ ਦੇ ਇਲਾਵਾ ਨਵੇਂ ਪਰਿੰਦੇ ਅਤੇ ਜਾਨਵਰ ਦੇਖਣ ਨੂੰ ਮਿਲੇ। ਨਿੱਕੀ-ਵੱਡੀ ਖ਼ੁਸ਼ੀ ਰੋਜ਼ ਉਸ ਅੰਦਰ ਜਮ੍ਹਾਂ ਹੋ ਰਹੀ ਸੀ।

ਉਸ ਉਡਾਨ ਦੇ ਬਾਅਦ ਉਹ ਘਰ ਨਾ ਪਰਤਿਆ।

ਵੱਖਰੇ ਰਾਹਾਂ ਦੀ ਤਲਾਸ਼ ਦਾ ਲਾਲਚ ਇਕ ਦਿਨ ਉਸ ਵਾਸਤੇ ਮੁਸੀਬਤ ਬਣ ਗਿਆ। ਉਹ ਸ਼ਿਕਾਰੀ ਵਲੋਂ ਤਾਣੇ ਗਏ ਜਾਲ ਵਿਚ ਫਸ ਗਿਆ। ਜੰਗਲ ਦੀ ਬਜਾਇ ਪਿੰਜਰਾ ਉਹਦਾ ਘਰ ਬਣ ਗਿਆ।

ਉਸ ਦੇ ਪਿੰਜਰੇ ਦੇ ਨਾਲ-ਨਾਲ ਹੋਰ ਵੀ ਕਈ ਪਿੰਜਰੇ ਸਨ। ਉਸ ਨੇ ਮਹਿਸੂਸ ਕੀਤਾ ਕਿ ਉਹਨਾਂ ਅੰਦਰ ਬੰਦ ਕੀਤੇ ਹੋਏ ਪਰਿੰਦਿਆਂ ਨੂੰ ਉਹ ਪਹਿਲੀ ਵਾਰੀ ਦੇਖ ਰਿਹਾ ਹੈ।

ਪਿੰਜਰਿਆਂ ਦੀ ਨਿਰੰਤਰ ਵਧਦੀ-ਘਟਦੀ ਗਿਣਤੀ ਵੀ ਉਸ ਨੂੰ ਹੈਰਾਨ ਕਰਦੀ ਰਹਿੰਦੀ।

ਇਸੇ ਸੋਚ-ਵਿਚਾਰ ਰੁੱਝੇ ਤੋਤੇ ਨੂੰ ਖਰੀਦਾਰ ਮਿਲ ਗਿਆ। ਉਸ ਨੇ ਉਹਦੇ ਲਈ ਇਕ ਵੱਡਾ ਪਿੰਜਰਾ ਖਰੀਦਿਆ ਜਿਸ ਵਿਚ ਕਈ ਸਹੂਲਤਾਂ ਮੌਜੂਦ ਸਨ। ਦਾਣਾ-ਪਾਣੀ ਲਈ ਵੱਖ-ਵੱਖ ਕਟੋਰੀਆਂ ਤੇ ਪਤਲੀ ਤਾਰ ਦੀ ਲੱਗੀ ਹੋਈ ਪੀਂਘ ਵੀ ਸੀ।

ਕੁਝ ਦਿਨਾਂ ਵਿੱਚ ਉਹ ਘਰ ਦੇ ਮਾਹੌਲ ਵਿਚ ਰਚ-ਮਿਚ ਗਿਆ। ਇਸੇ ਘਰ ਨੇ ਉਸ ਨੂੰ ਨਾਂ ਦਿੱਤਾ, 'ਮਿੱਠੂ'।

ਜਦੋਂ ਵੀ ਘਰ ਦਾ ਕੋਈ ਜੀਅ ਵਿਹਲਾ ਹੁੰਦਾ ਉਹ ਮਿੱਠੂ ਕੋਲ ਆ ਬੈਠਦਾ। ਮਿੱਠੂ ਨੇ ਪਹਿਲਾਂ ਮਨੁੱਖੀ ਆਵਾਜ਼ਾਂ ਦਾ ਪਿੱਛਾ ਕੀਤਾ ਫੇਰ ਨਿੱਕੇ-ਨਿੱਕੇ ਸ਼ਬਦਾਂ ਦਾ। ਜਲਦੀ ਹੀ ਕੁਝ

Scanned with Ca

ਮੂਲ ਸ਼ਬਦਾਂ ਦਾ ਉਚਾਰਣ ਉਸ ਨੇ ਸਿੱਖ ਲਿਆ।

ਇਸ ਸੁਖ ਵਿਚਾਲੇ ਉਸ ਨੂੰ ਜਦ ਕਦੇ ਆਪਣੀ ਜਨਮ ਭੌਇੰ ਦੀ ਯਾਦ ਆਉਂਦੀ ਤਾਂ ਮਨ ਉਦਾਸਿਆ ਜਾਂਦਾ।

ਉਸ ਨੇ ਸਦਾ ਮਹਿਸੂਸ ਕੀਤਾ ਕਿ ਇਹ ਥਾਂ ਉਸ ਦੇ ਆਪਣੇ ਘਰ ਤੋਂ ਜ਼ਿਆਦਾ ਦੂਰ ਨਹੀਂ ਹੈ ਕਿਉਂਕਿ ਕਦੇ-ਕਦਾਈ ਉਹ ਪਰਿੰਦੇ ਦਿਸ ਪੈਂਦੇ ਜਿਹੜੇ ਬਚਪਨ ਵੇਲੇ ਉਸ ਨੇ ਦੇਖੇ ਸਨ।

ਉਸ ਵੇਲੇ ਉਹ ਪਿੰਜਰਾ ਤੋੜ ਕੇ ਉੱਡ ਜਾਣਾ ਚਾਹੁੰਦਾ।

ਰਿੱਛ ਦੇ ਮਾਰੇ ਜਾਣ ਦੇ ਦ੍ਰਿਸ਼ ਨੇ ਤਾਂ ਉਸ ਨੂੰ ਤੜਫ਼ਾ ਦਿੱਤਾ ਸੀ। ਆਦਮੀ ਦੇ ਅਜਿਹੇ ਵਿਹਾਰ ਬਾਰੇ ਉਸ ਨੇ ਕਹਾਣੀਆਂ ਤਾਂ ਸੁਣੀਆਂ ਸਨ ਪਰ ਅੱਖੀਂ ਕਦੇ ਨਹੀਂ ਸੀ ਦੇਖਿਆ।

ਉਹ ਚਾਹੁੰਦਾ ਕਿ ਵਾਪਰੇ ਹਾਦਸੇ ਦੀ ਖ਼ਬਰ ਉਹ ਖੁਦ ਜਾ ਕੇ ਉਸ ਪਰਿਵਾਰ ਨੂੰ ਦੇਵੇ ਤਾਂ ਕਿ ਅੱਗੇ ਤੋਂ ਹੋਣ ਵਾਲੀ ਅਜਿਹੀ ਘਟਨਾ ਨੂੰ ਰੋਕਿਆ ਜਾ ਸਕੇ ਅਤੇ ਮਨੁੱਖ ਦੇ ਕਹਿਰਵਾਨ ਸੁਭਾਅ ਨੂੰ ਸਾਰਿਆਂ ਅੱਗੇ ਜ਼ਾਹਰ ਕੀਤਾ ਜਾ ਸਕੇ।

ਹੁਣ ਮਿੱਠੂ ਦਾ ਜ਼ਿਆਦਾ ਸਮਾਂ ਪਿੰਜਰੇ ਤੋਂ ਬਾਹਰ ਨਿਕਲਣ ਦੀਆਂ ਜੁਗਤਾਂ ਉੱਪਰ ਖਰਚ ਹੁੰਦਾ।

ਛੇਕੜ ਉਹ ਦਿਨ ਵੀ ਆ ਗਿਆ। ਠੰਢ ਦੇ ਦਿਨ ਸਨ। ਘਰ ਦੀ ਨੌਕਰਾਣੀ ਨੇ ਸਫ਼ਾਈ ਕਰਦਿਆਂ-ਕਰਦਿਆਂ ਪਿੰਜਰਾ ਬਾਗ਼ ਵਿਚ ਪਈ ਚੌਕੀ ਉੱਪਰ ਰੱਖ ਦਿੱਤਾ। ਕੁੱਤਾ ਵੀ ਮਿੱਠੂ ਦੇ ਕੋਲ ਆ ਬੈਠਾ।

ਦੋਵੇਂ ਆਪੋ-ਆਪਣੇ ਅੰਦਾਜ਼ ਵਿਚ ਧੁੱਪ ਨੂੰ ਮਾਣਨ ਲੱਗੇ। ਮਿੱਠੂ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਉਸ ਨੇ ਕੁੱਤੇ ਨੂੰ ਪਿੰਜਰੇ ਦੀ ਖਿੜਕੀ ਨੂੰ ਲਾਈ ਕੁੰਡੀ ਉੱਤੇ ਪੈਰ ਮਾਰਨ ਲਈ ਕਿਹਾ। ਉਸ ਨੇ ਮਿੱਠੂ ਦੀ ਬੇਨਤੀ ਨੂੰ ਮੰਨਦਿਆਂ ਉਵੇਂ ਹੀ ਕੀਤਾ। ਖਿੜਕੀ ਨੂੰ ਖੁੱਲ੍ਹਾ ਦੇਖ ਮਿੱਠੂ ਨੇ ਪੂਰੇ ਤਾਣ ਨਾਲ ਉਡਾਨ ਭਰੀ। ਸਭ ਕੁਝ ਬਿਜਲੀ ਦੀ ਲਿਸ਼ਕ ਵਾਂਗ ਵਾਪਰਿਆ।

ਆਪਣੇ ਸਾਥੀ ਨੂੰ ਉਡਾਰੀ ਮਾਰਦਾ ਦੇਖ ਕੇ ਕੁੱਤੇ ਨੇ ਭੌਂਕਣਾ ਸ਼ੁਰੂ ਕਰ ਦਿੱਤਾ। ਕੁੱਤੇ ਦੀ ਲਗਾਤਾਰ ਭੌਂਕਣ ਦੀ ਆਵਾਜ਼ ਸੁਣ ਜੋਤੀ ਬਾਹਰ ਭੱਜੀ ਆਈ। ਮਾਲਕਣ ਨੂੰ ਦੇਖ ਉਹ ਤੇਜ਼ੀ ਨਾਲ ਉਹਦੇ ਵੱਲ ਨੱਠਾ। ਆਪਣੀ ਆਵਾਜ਼ ਥੋੜ੍ਹੀ ਮੱਠੀ ਕਰ ਕੇ ਉਹਦੇ ਪੈਰਾਂ ਵਿਚ ਲੇਟਣ ਲੱਗਾ। ਫੇਰ ਪੂਛ ਹਿਲਾਉਂਦਾ-ਹਿਲਾਉਂਦਾ ਪਿੰਜਰੇ ਵੱਲ ਨੂੰ ਨੱਠਾ। ਇਹ ਕਾਰਜ ਦੋ-

Scanned with Ca

ਤਿੰਨ ਵਾਰ ਦੋਹਰਾਇਆ ਗਿਆ ਜਦ ਤਕ ਜੋਤੀ ਪਿੰਜਰੇ ਕੋਲ ਨਾ ਪਹੁੰਚ ਗਈ। ਹੁਣ ਕੁੱਤਾ ਘਾਹ ਉੱਪਰ ਬੈਠ ਗਿਆ ਸੀ ਪਰ ਉਸ ਦੀ ਪੂਛ ਹਾਲੇ ਵੀ ਹਿੱਲੀ ਜਾ ਰਹੀ ਸੀ। ਉਹ ਖੜ੍ਹੀ-ਖੜ੍ਹੀ ਪਿੰਜਰੇ ਦੇ ਖੁੱਲ੍ਹਣ ਦੇ ਰਹੱਸ ਬਾਰੇ ਸੋਚੀ ਜਾ ਰਹੀ ਸੀ।

ਦੂਰ ਪੱਤਿਆਂ ਓਹਲੇ ਲੁਕ ਕੇ ਬੈਠੇ ਮਿੱਠੂ ਨੇ ਬਗ਼ੀਚੇ ਦਾ ਸਾਰਾ ਨਜ਼ਾਰਾ ਦੇਖ ਕੇ ਮਨ ਹੀ ਮਨ ਵਿਚਾਰਿਆ ਕਿ ਇੰਨੀ ਲੰਮੀ ਉਡਾਰੀ ਦਾ ਆਨੰਦ ਤਾਂ ਉਸ ਨੇ ਵਰ੍ਹਿਆਂ ਬਾਅਦ ਲਿਆ ਹੈ।

ਇਸ ਤੋਂ ਕਈ ਗੁਣਾ ਲੰਮੇ ਸਫ਼ਰ ਦੇ ਬਾਅਦ ਉਹ ਜੰਗਲ ਦੀ ਹੱਦ ਅੰਦਰ ਸੀ। ਉਸ ਨੂੰ ਇਹ ਥਾਂ ਪਛਾਣਨ ਨੂੰ ਦੇਰ ਨਾ ਲੱਗੀ। ਇਸੇ ਜੰਗਲ ਵਿਚੋਂ ਫੜ ਕੇ ਉਸ ਨੂੰ ਪਿੰਜਰੇ ਅੰਦਰ ਕੈਦ ਕੀਤਾ ਗਿਆ ਸੀ।

ਭਾਂਤ-ਭਾਂਤ ਦੇ ਪਸ਼ੂ-ਪੰਛੀਆਂ ਦੀਆਂ ਆਵਾਜ਼ਾਂ, ਵੰਨ-ਸੁਵੰਨੇ ਫੁੱਲਾਂ-ਫਲਾਂ ਤੇ ਰੁੱਖਾਂ ਨੇ ਉਸ ਨੂੰ ਮੋਹ ਲਿਆ।

ਇਸ ਮਨਮੋਹਕ ਮਾਹੌਲ ਵਿਚਾਲੇ ਉਹ ਰਿੱਛ ਦੀ ਮੌਤ ਨੂੰ ਭੁੱਲ ਨਾ ਸਕਿਆ। ਉਸ ਦੀ ਰਿੱਛ ਪਰਿਵਾਰ ਨੂੰ ਮਿਲਣ ਦੀ ਖ਼ਾਹਿਸ਼ ਪਹਿਲਾਂ ਵਾਂਗ ਤਾਜ਼ਾ ਸੀ।

ਮਿੱਠੂ ਕਿਉਂਕਿ ਸ਼ਹਿਰੀ ਮਾਹੌਲ ਨੂੰ ਥੋੜ੍ਹਾ-ਥੋੜ੍ਹਾ ਦੇਖ ਚੁੱਕਾ ਸੀ, ਇਸ ਵੇਲੇ ਉਸੇ ਅਨੁਭਵ ਤੋਂ ਮਦਦ ਲੈ ਰਿਹਾ ਸੀ।

ਤਰੀਕੇ ਅਤੇ ਸਲੀਕੇ ਨਾਲ ਕੀਤੀ ਪੁੱਛ-ਪੜਤਾਲ ਉਸ ਨੂੰ ਦੁਖੀ ਪਰਿਵਾਰ ਤਕ ਲੈ ਗਈ।

ਮਿੱਠੂ ਸੰਘਣੇ ਰੁੱਖ ਦੀ ਟਹਿਣੀ ਉੱਪਰ ਬੈਠਾ ਸੀ। ਉਸ ਦੀ ਹਵਾ ਨਾਲ ਡੋਲਦੀ ਛਾਂ ਥੱਲੇ ਮਾਂ-ਰਿੱਛ ਪਿੱਠ ਭਾਰ ਲੰਮੀ ਪਈ ਹੈ ਅਤੇ ਉਸ ਦਾ ਬੱਚਾ ਦੁੱਧ ਚੁੰਘ ਰਿਹਾ ਹੈ। ਦੇਖਣ ਨੂੰ ਬੱਚਾ ਭਾਵੇਂ ਵੱਡਾ ਲੱਗ ਰਿਹਾ ਸੀ।

ਦੁੱਧ ਪੀਣ ਬਾਅਦ ਉਸ ਦੀ ਬਿਰਤੀ ਖੇਡ ਵਲ ਮੁੜ ਪਈ। ਖੇਡਣ ਵਾਸਤੇ ਉਸ ਨੂੰ ਲੱਕੜੀ ਦਾ ਛੋਟਾ ਟੁਕੜਾ ਮਿਲ ਗਿਆ ਜਿਸ ਨੂੰ ਉਹ ਕਦੇ ਪੈਰਾਂ ਨਾਲ ਰੋਲਦਾ ਕਦੇ ਮੂੰਹ ਵਿਚ ਪਾ ਇਧਰ-ਉਧਰ ਉਛਾਲਦਾ। ਦੂਰ ਪਈ ਲੱਕੜ ਨੂੰ ਚੁੱਕਣ ਵਾਸਤੇ ਕਦੇ ਟਪੂਸੀਆਂ ਮਾਰੀਆਂ ਜਾਂਦੀਆਂ, ਕਦੇ ਗੋਲ-ਮੋਲ ਹੋਇਆ ਜਾਂਦਾ। ਚਿੱਤ ਅੱਕਿਆ ਤਾਂ ਪੈਰਾਂ ਦੇ ਆਸਰੇ ਰੁੱਖ ਉੱਪਰ ਚੜ੍ਹਨ ਦੀ ਕੋਸ਼ਿਸ਼ ਸ਼ੁਰੂ ਹੋ ਗਈ। ਪਰ ਜਲਦੀ ਹੀ ਜੱਫਾ ਢਿੱਲਾ ਪੈ ਜਾਣ ਕਰ ਕੇ

Scanned with Ca

ਉਹ ਗੇਂਦ ਜਿਹੀ ਬਣ ਜ਼ਮੀਨ 'ਤੇ ਆ ਗਿਆ।

ਮਿੱਠੂ ਨੇ ਇਕ-ਦੋ ਵਾਰ ਦਖ਼ਲ ਦੇਣਾ ਚਾਹਿਆ ਪਰ ਹਿੰਮਤ ਨਾ ਪਈ।

ਮਨ ਪਰਚਾਵਾ ਕਰ ਲੈਣ ਬਾਅਦ ਬੱਚਾ ਮਾਂ ਦੀ ਵੱਖੀ ਨਾਲ ਲੱਗੀਆਂ ਪਿੱਛਲੀਆਂ ਲੱਤਾਂ ਵਿਚਾਲਿਓਂ ਰਾਹ ਬਣਾਉਂਦਾ ਹੋਇਆ ਮਾਂ ਦੇ ਸੀਨੇ ਨਾਲ ਲੱਗ ਕੇ ਪੈ ਗਿਆ। ਆਪਣੇ ਮੂੰਹ ਨੂੰ ਉਸ ਦੀ ਗਰਦਨ ਨਾਲ ਰਗੜਦਿਆਂ-ਰਗੜਦਿਆਂ ਉਹ ਬੋਲਿਆ, "ਮਾਂ, ਮੇਰਾ ਭਰਾ ਕਿੱਥੇ ਚਲਾ ਗਿਆ ਏ, ਸਾਨੂੰ ਛੱਡ ਕੇ।"

ਮਾਂ ਚੁੱਪ ਰਹੀ। ਉਹ ਜਾਣਦੀ ਸੀ, ਇਸ ਪੁੱਛ ਦਾ ਅੰਤ ਨਹੀਂ ਹੋਣ ਵਾਲਾ। ਉਂਜ ਵੀ ਇਹ ਪ੍ਰਸ਼ਨ ਪਿਛਲੇ ਕੁਝ ਦਿਨਾਂ ਤੋਂ ਹਰ ਰੋਜ਼ ਕਈ ਵਾਰ ਦੋਹਰਾਇਆ ਜਾ ਰਿਹਾ ਹੈ।

ਪਰ ਬੱਚੇ ਦੀ ਜ਼ਿੱਦ ਅੱਗੇ ਮਾਂ ਨੂੰ ਮੂੰਹ ਖੋਲ੍ਹਣਾ ਹੀ ਪਿਆ। ਉਸ ਨੇ ਦੁਖੀ ਮਨ ਨਾਲ ਕਿਹਾ, "ਕੀ ਪਤਾ ਕਿੱਥੇ ਤੁਰ ਗਿਆ ਏ। ਮੈਂ ਤਾਂ ਕਈਆਂ ਤੋਂ ਪੁੱਛ ਬੈਠੀ ਆਂ, ਕਈ ਥਾਵਾਂ ਛਾਣ ਮਾਰੀਆਂ ਹਨ।"

ਦਖ਼ਲ ਦੇਣ ਲਈ ਮਿੱਠੂ ਨੂੰ ਇਹ ਚੰਗੀ ਘੜੀ ਲੱਗੀ। ਉਹ ਉੱਪਰਲੀ ਟਹਿਣੀ ਤੋਂ ਫੁਦਕ ਕੇ ਨੀਵੀਂ ਟਹਿਣੀ ਉੱਪਰ ਆ ਬੈਠਾ। ਉਸ ਨੇ ਆਪਣਾ ਮੂੰਹ ਮਾਂ ਰਿੱਛ ਵੱਲ ਕਰਦਿਆਂ ਕਿਹਾ, "ਮੈਨੂੰ ਮੁਆਫ਼ ਕਰਨਾ ਮੈਂ ਤੁਹਾਡੀਆਂ ਗੱਲਾਂ ਵਿਚ ਦਖ਼ਲ ਦੇ ਰਿਹਾ ਹਾਂ। ਮੈਨੂੰ ਇਹ ਵੀ ਦੁੱਖ ਹੈ ਕਿ ਤੁਹਾਡਾ ਬੱਚਾ ਤੁਹਾਡੇ ਕੋਲੋਂ ਵਿਛੜ ਗਿਆ ਹੈ। ਤੁਹਾਡੇ ਬੱਚੇ ਨਾਲ ਜੋ ਹੋਇਆ ਹੈ, ਉਸ ਦਾ ਮੈਂ ਗਵਾਹ ਹਾਂ।"

"ਕੀ ?" ਮਾਂ-ਰਿੱਛ ਦਾ ਸਰੀਰ ਇਕਦਮ ਹਰਕਤ ਵਿਚ ਆ ਗਿਆ। "ਤੂੰ ਕੀ ਜਾਣਦਾ ਏਂ ਮੇਰੇ ਬੱਚੇ ਬਾਰੇ ? ਕਿੱਥੇ ਹੈ, ਮੇਰਾ ਬੱਚਾ ? ਤੂੰ ਝੂਠ ਤਾਂ ਨਹੀਂ ਬੋਲੇਂਗਾ ?"

ਮਾਂ ਦੇ ਬਿਲਕੁਲ ਕੋਲ ਖੜ੍ਹਾ ਬੱਚਾ ਆਪਣੀ ਮਾਂ ਦੇ ਬਦਲੇ ਵਿਹਾਰ ਨੂੰ ਦੇਖ ਕੇ ਹੈਰਾਨ ਹੋ ਰਿਹਾ ਸੀ।

ਉਸ ਨੇ ਸੋਚਿਆ ਹੋਵੇਗਾ ਜੇ ਮੇਰੇ ਕੋਲ ਪ੍ਰਸ਼ਨ ਹਨ ਤਾਂ ਮਾਂ ਕੋਲ ਕਿਹੜੇ ਮੈਥੋਂ ਘੱਟ ਹਨ ?

ਮਿੱਠੂ ਨੇ ਮਾਂ-ਰਿੱਛ ਨੂੰ ਹੋਰ ਦੁਖੀ ਕਰਨਾ ਨਾ ਚਾਹਿਆ। ਕਿਉਂਕਿ ਉਹ ਖੁਦ ਵੀ ਤਾਂ ਉਸ ਦਿਨ ਤੋਂ ਦੁੱਖ ਹੰਢਾਅ ਰਿਹਾ ਹੈ।

ਉਸ ਨੇ ਟੀ. ਵੀ. ਉੱਪਰ ਅੱਖੀ ਡਿੱਠੀ ਘਟਨਾ ਹੌਲੀ-ਹੌਲੀ ਕਹਿ ਸੁਣਾਈ। ਇਸ

Scanned with Ca

ਦੇ ਨਾਲ ਹੀ ਉਸ ਨੇ ਆਪਣੇ ਮਨ ਵਿਚ, ਉਸ ਘਟਨਾ ਦੇ ਬਾਅਦ, ਹੋਈ ਉਥਲ-ਪੁਥਲ ਨੂੰ ਵੀ ਦੋਹਰਾਅ ਦਿੱਤਾ।

ਮਾਂ ਨੂੰ ਆਪਣੇ ਬੱਚੇ ਦੇ ਮਾਰੇ ਜਾਣ ਦੀ ਖ਼ਬਰ ਨੇ ਉਸ ਦੀ ਬਾਹਰੀ ਭਟਕਣ ਖਤਮ ਕਰ ਦਿੱਤੀ। ਪਰ ਇਸ ਹਾਦਸੇ ਨੇ ਉਸ ਅੰਦਰਲੀ ਅੱਗ ਨੂੰ ਸੀਖ ਦਿੱਤਾ।

ਹੁਣ ਉਸ ਦੀ ਬੇਚੈਨੀ ਦੀ ਤਾਸੀਰ ਬਦਲ ਗਈ ਸੀ।

ਆਪਣੇ ਉੱਖੜ ਅਤੇ ਅਸ਼ਾਂਤ ਹੋ ਚੁੱਕੇ ਮਨ ਨੂੰ ਘੜੀ ਦੋ ਘੜੀ ਸਥਿਰਤਾ ਦੇਣ ਲਈ ਉਸ ਕੋਲ ਕੋਈ ਸਾਧਨ ਨਹੀ ਸੀ।

ਉਹਦੇ ਅੰਦਰ ਕੀ ਬਣ-ਮਿਟ ਰਿਹਾ ਸੀ, ਕਿਸੇ ਨੂੰ ਪਤਾ ਨਹੀ ਸੀ।

ਲੰਮੀ ਚੁੱਪ ਨੂੰ ਆਖਰ ਮਾਂ-ਰਿੱਛ ਨੇ ਹੀ ਤੋੜਿਆ। ਇਹ ਸ਼ਬਦ ਉਸ ਨੇ ਆਪਣੇ ਬੱਚੇ ਨੂੰ ਕਹੇ, "ਤੇਰਾ ਭਰਾ ਤੇਰੇ ਕੋਲ ਕਦੇ ਨਹੀ ਆਏਗਾ ਕਿਉਂਕਿ ਦੋ ਲੱਤਾਂ ਵਾਲੇ ਜਾਨਵਰਾਂ ਨੇ ਮਿਲ ਕੇ ਉਸ ਨੂੰ ਦੂਜੇ ਸੰਸਾਰ ਭੇਜ ਦਿੱਤਾ ਹੈ।"

"ਕਿਉਂ ?"

"ਮੈਨੂੰ ਨਹੀ ਪਤਾ। ਸ਼ਾਇਦ ਮਿੱਠੂ ਨੂੰ ਵੀ ਨਹੀ ਪਤਾ। ਮਾਰਨ ਵਾਲਾ ਹੀ ਦੱਸ ਸਕਦਾ ਹੈ। ਮਰਨ ਵਾਲੇ ਨੂੰ ਵੀ ਕੀ ਪਤਾ ?"

ਮਿੱਠੂ ਆਪਣੀ ਤਰ੍ਹਾਂ ਨਾਲ ਉਦਾਸ ਸੀ। ਤਾਂ ਵੀ ਉਸ ਕਿਹਾ, "ਹੁਣ ਕੀ ਕੀਤਾ ਜਾ ਸਕਦਾ ਹੈ ?"

ਮਾਂ ਰਿੱਛ ਨੇ ਖਰ੍ਹਵੀ ਆਵਾਜ਼ ਵਿਚ ਕਿਹਾ, "ਕੀ ਬਦਲਾ ਨਹੀ ਲਿਆ ਜਾ ਸਕਦਾ ?"

"ਕਿਨ੍ਹਾਂ ਕੋਲੋਂ ?"

"ਜਿਨ੍ਹਾਂ ਨੇ ਮੇਰੇ ਬੱਚੇ ਨੂੰ ਮਾਰਿਆ ਹੈ।"

"ਉਹ ਕਿਵੇਂ ?"

"ਉਹਨਾਂ ਲੋਕਾਂ ਨੂੰ ਮਾਰ ਕੇ ਜਿਨ੍ਹਾਂ ਨੇ ਮੇਰੇ ਨਿਰਦੋਸ਼ ਬੱਚੇ ਨੂੰ ਮੇਰੇ ਕੋਲੋਂ ਖੋਹਿਆ ਹੈ।"

ਮਿੱਠੂ ਹੋਰ ਉਦਾਸਿਆ ਗਿਆ। ਉਹ ਕੀ ਸੋਚ ਕੇ ਪਿੰਜਰੇ ਤੋਂ ਆਜ਼ਾਦ ਹੋਇਆ ਸੀ ? ਕੀ ਸੋਚ ਕੇ ਰਿੱਛ ਪਰਿਵਾਰ ਨੂੰ ਮਿਲਿਆ ਸੀ ? ਸਾਰਾ ਕੁਝ ਧੁੰਦਲਾ ਜਿਹਾ ਗਿਆ

Scanned with Ca

ਸੀ। ਮਾਂ-ਰਿੱਛ ਦੀ ਗੱਲ ਨੇ ਤਾਂ ਉਸ ਨੂੰ ਹੋਰ ਰੁਲਾ ਦਿੱਤਾ ਭਾਵੇਂ ਕਿ ਉਹ ਆਪਣੇ ਬੱਚੇ ਦੇ ਵਿਛੋੜੇ ਦੇ ਦੁੱਖੋਂ ਬੋਲ ਰਹੀ ਸੀ।

ਮਿੱਠੂ ਨੂੰ ਜੇ ਜੰਗਲ-ਪਿਆਰ ਨੇ ਆਪਣੇ ਵੱਲ ਖਿੱਚਿਆ ਹੋਇਆ ਸੀ ਤਾਂ ਉਸ ਨੂੰ ਸ਼ਹਿਰੀ ਜੀਵਨ ਜਾਚ ਅਤੇ ਉਥੇ ਰਹਿਣ ਵਾਲਿਆਂ ਦੇ ਸੁਭਾਅ ਬਾਰੇ ਵੀ ਪਤਾ ਸੀ। ਉਹ ਦੇਖ ਚੁੱਕਾ ਸੀ ਕਿ ਆਦਮੀ ਤਾਂ ਪਸ਼ੂ ਤੋਂ ਕਈ ਗੁਣਾ ਵੱਧ ਨਿਰਦਈ ਹੈ। ਇਸੇ ਅਨੁਭਵ ਨੂੰ ਆਪਣੇ ਸਾਹਮਣੇ ਰੱਖਦਿਆਂ ਹੋਇਆਂ ਮਿੱਠੂ ਨੇ ਆਪਣੀ ਗੱਲ ਕਹੀ ਕਿ ਮਾਂ-ਰਿੱਛ ਬਦਲੇ ਦੀ ਜ਼ਿੱਦ ਦਾ ਤਿਆਗ ਕਰ ਦੇਵੇ।

ਉਸ ਨੇ ਇਹ ਵੀ ਸਮਝਾਉਣ ਦੀ ਹਿੰਮਤ ਕੀਤੀ ਕਿ ਕਿੱਥੇ ਸਾਡੀ ਗਿਣਤੀ ਅਤੇ ਕਿੱਥੇ ਮੱਖੀਆਂ ਵਾਂਗ ਭਿਣ-ਭਿਣ ਕਰਦੇ ਲੋਕ, ਜਿਨ੍ਹਾਂ ਵਾਸਤੇ ਸਾਡੀ ਮੌਤ ਕੋਈ ਮਾਇਨੇ ਨਹੀ ਰੱਖਦੀ। ਇਹ ਲੋਕ ਤਾਂ ਆਪਣੀ ਹੀ ਬਿਰਾਦਰੀ ਦੇ ਲੋਕਾਂ ਨੂੰ ਛੋਟੀ-ਛੋਟੀ ਵਸਤੂ ਪਿੱਛੇ ਬੇਰਹਿਮੀ ਨਾਲ ਮਾਰ ਦਿੰਦੇ ਹਨ।

ਮਾਂ-ਰਿੱਛ ਨੇ ਮਿੱਠੂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ, ਜਿਨ੍ਹਾਂ ਵਿਚ ਜਾਣਕਾਰੀ ਵੀ ਖ਼ੂਬ ਸੀ ਪਰ ਇਹਨਾਂ ਨੇ ਉਸ ਦੇ ਉਖੜੇ-ਤਪੇ ਮਨ ਨੂੰ ਸ਼ਾਂਤ ਨਾ ਕੀਤਾ।

ਉਸ ਨੇ ਆਪਣੀ ਰਾਏ ਦਿੰਦਿਆਂ ਕਿਹਾ, "ਮੈਂ ਦੂਜੇ ਸ਼ਿਕਾਰੀ ਜਾਨਵਰਾਂ ਨੂੰ ਮਿਲਾਂਗੀ। ਅਸੀਂ ਕੋਸ਼ਿਸ਼ ਕਰਾਂਗੇ ਇਹਨਾਂ ਲੋਕਾਂ ਦੇ ਉਸ ਰਾਹ ਨੂੰ ਬੰਦ ਕਰ ਦੇਈਏ ਜਿਹੜਾ ਜੰਗਲ ਦੀ ਵੱਖੀ ਵਿਚੋਂ ਦੀ ਲੰਘਦਾ ਹੈ। ਦਿਨ ਨੂੰ ਤਾਂ ਇਹ ਖ਼ੂਬ ਵਗਦਾ ਹੈ। ਹੋਰ ਵੇਲੇ ਵੀ ਕੋਈ ਨਾ ਕੋਈ ਲੰਘਦਾ ਰਹਿੰਦਾ ਹੈ। ਅਸੀ ਲੁਕ-ਛੁਪ ਕੇ, ਅਚਾਨਕ ਪਿੱਛੋਂ ਦੀ ਉਹਨਾਂ ਉੱਪਰ ਵਾਰ ਕਰ ਸਕਦੇ ਹਾਂ।"

ਜਿਸ ਤਰ੍ਹਾਂ ਦਾ ਬਿਓਰਾ ਮਾਂ-ਰਿੱਛ ਦੇ ਰਹੀ ਸੀ ਉਸੇ ਤਰ੍ਹਾਂ ਦਾ ਦ੍ਰਿਸ਼ ਮਿੱਠੂ ਦੀਆਂ ਅੱਖਾਂ ਅੱਗੇ ਉਸਰਦਾ ਜਾ ਰਿਹਾ ਸੀ। ਹੌਲੀ-ਹੌਲੀ ਉਸ ਉੱਪਰ ਲਹੂ ਦੀ ਜਿਵੇਂ ਪਰਤ ਚੜ੍ਹ ਗਈ। ਸਾਰਾ ਕੁਝ ਲਾਲ-ਲਾਲ ਹੋ ਗਿਆ।

ਮਿੱਠੂ ਕੰਬ ਗਿਆ। ਆਪਣਿਆਂ ਵਿਚ ਬੈਠਾ ਵੀ ਜਿਵੇਂ ਉਹ ਉਹਨਾਂ ਤੋਂ ਵੱਖਰਾ ਹੋ ਗਿਆ।

ਉਹ ਉਸ ਦ੍ਰਿਸ਼ ਲੜੀ ਨੂੰ ਲੈ ਕੇ ਉਥੋਂ ਉੱਡ ਪਿਆ।

ਉਹ ਨਹੀ ਚਾਹੁੰਦਾ ਸੀ ਕਿ ਉਸ ਘਰ ਦੇ ਲੋਕ ਸ਼ਿਕਾਰੀ ਜਾਨਵਰਾਂ ਦੀ ਹਿੰਸਾ ਦੇ ਸ਼ਿਕਾਰ ਹੋਣ ਜਿੱਥੇ ਉਸ ਨੇ ਕਈ ਸਾਲ ਗੁਜ਼ਾਰੇ ਸਨ।

Scanned with Ca

ਉਸ ਦੀਆਂ ਅੱਖਾਂ ਅੱਗੋਂ ਪਵਨ ਦੀ ਤਸਵੀਰ ਲੰਘ ਗਈ। ਫੇਰ ਉਸ ਦੇ ਪਿਓ ਅਤੇ ਮਾਂ ਦੀ। ਉਹ ਨੌਕਰਾਣੀ ਨੂੰ ਨਾ ਭੁਲਾ ਸਕਿਆ। ਸਭ ਤੋਂ ਵੱਧ ਪਿਆਰ ਉਸ ਕੁੱਤੇ 'ਤੇ ਆਇਆ ਜਿਸ ਨੇ ਉਸ ਨੂੰ ਕੈਦ ਤੋਂ ਮੁਕਤੀ ਕਰਾਈ ਸੀ।

ਇਹ ਸਾਰੇ ਲੋਕ ਇਸੇ ਰਾਹੋਂ ਆਉਂਦੇ-ਜਾਂਦੇ ਸਨ।

ਅਗਲੀ ਸਵੇਰ ਮਿੱਠੂ ਰੁੱਖ ਦੀ ਟਾਹਣੀ 'ਤੇ ਬੈਠਾ ਪਵਨ ਦਾ ਨਾਂ ਲੈ ਕੇ ਉਸ ਨੂੰ ਸੱਦ ਰਿਹਾ ਸੀ।

ਮਿੱਠੂ ਦੀ ਆਵਾਜ਼ ਸੁਣ ਕੁੱਤੇ ਨੇ ਭੌਂਕਣਾ ਸ਼ੁਰੂ ਕਰ ਦਿੱਤਾ। ਹਵਾ ਨਾਲ ਉੱਚੀ-ਨੀਵੀਂ ਹੁੰਦੀ ਟਾਹਣੀ ਉੱਪਰ ਬੈਠੇ ਨੇ ਸਾਰੇ ਘਰ ਨੂੰ ਧਿਆਨ ਨਾਲ ਦੇਖਿਆ। ਸਭ ਤੋਂ ਪਹਿਲਾਂ ਉਸ ਦੀ ਨਜ਼ਰ ਆਪਣੇ ਪਿੰਜਰੇ 'ਤੇ ਪਈ ਜਿਹੜਾ ਇਕ ਪਾਸੇ ਪਿਆ ਵੀਰਾਨ ਜੀਵਨ ਜੀ ਰਿਹਾ ਸੀ।

ਉਸ ਦੇ ਬਾਅਦ ਹੋਰ ਵਸਤਾਂ ਉਸ ਦੀਆਂ ਅੱਖਾਂ ਨਾਲ ਟਕਰਾਈਆਂ। ਉਸ ਨੂੰ ਸਭ ਕੁਝ ਓਪਰਾ-ਓਪਰਾ ਲੱਗ ਰਿਹਾ ਸੀ।

ਇੰਨੇ ਨੂੰ ਘਰ ਦੇ ਸਾਰੇ ਜੀਅ ਬਗੀਚੇ ਵਿਚ ਆ ਪੁੱਜੇ ਸਨ। ਸਾਰਿਆਂ ਨੂੰ ਦੇਖ ਕੇ ਮਿੱਠੂ ਹੋਰ ਨੀਵੀਂ ਟਾਹਣੀ 'ਤੇ ਆ ਬੈਠਾ।

ਤਦੇ ਪਵਨ ਦੀ ਮੰਮੀ ਬੋਲ ਪਈ, "ਕਿੱਥੇ ਰਿਹਾ ਤੂੰ ਇੰਨੇ ਦਿਨ ?"

ਮਿੱਠੂ ਨੇ ਕੋਈ ਜਵਾਬ ਨਾ ਦਿੱਤਾ।

ਜੋਤੀ ਨੇ ਪਵਨ ਨੂੰ ਪਿੰਜਰਾ ਲਿਆਉਣ ਲਈ ਕਿਹਾ। ਇਸ ਹਰਕਤ ਨੇ ਮਿੱਠੂ ਨੂੰ ਪਰੇਸ਼ਾਨ ਕਰ ਦਿੱਤਾ। ਪਰ ਆਪਣੇ ਉੱਪਰ ਕਾਬੂ ਰੱਖਦਿਆਂ ਹੋਇਆਂ ਉਸ ਨੇ ਕਿਹਾ, "ਮੈਂ ਹੁਣ ਕੈਦ ਹੋਣ ਲਈ ਨਹੀਂ ਆਇਆ। ਮੈਂ ਤੁਹਾਨੂੰ ਇਹ ਦੱਸਣ ਆਇਆ ਹਾਂ ਕਿ ਜੰਗਲ ਵਿਚੋਂ ਦੀ ਲੰਘਦੇ ਰਾਹ 'ਤੇ 'ਕੱਲਿਆਂ ਨਾ ਜਾਇਆ ਕਰੋ। ਪਵਨ ਨੂੰ ਵੀ ਉਸ ਰਾਹੋਂ 'ਕੱਲਿਆਂ ਸਕੂਲ ਨਾ ਭੇਜਿਓ।"

ਪਵਨ ਅੱਗੇ ਹੋ ਬੋਲਿਆ, "ਕਿਉਂ ? ਮੈਂ ਤਾਂ ਵੱਡਾ ਹੋ ਗਿਆ ਹਾਂ।"

ਮਿੱਠੂ ਨੇ ਗੱਲ ਤੋਰਦਿਆਂ ਕਿਹਾ, "ਲੋਕਾਂ ਵੱਲੋਂ ਰਿੱਛ ਦੇ ਬੱਚੇ ਨੂੰ ਘੇਰ ਕੇ ਮਾਰਨ ਵਾਲੀ ਘਟਨਾ ਨੇ ਸਾਰੇ ਜਾਨਵਰਾਂ ਨੂੰ ਪਰੇਸ਼ਾਨ ਕੀਤਾ ਹੋਇਆ ਹੈ। ਹੋ ਸਕਦਾ ਏ ਉਹ ਇਸ ਘਟਨਾ ਦਾ ਬਦਲਾ ਲੈਣ।"

Scanned with Ca

ਜੀਵਨ ਨੇ ਜੋਤੀ ਨੂੰ ਚੂਰੀ ਕੁੱਟ ਕੇ ਲਿਆਉਣ ਲਈ ਕਿਹਾ। ਇਸ ਪੇਸ਼ਕਸ਼ ਵੱਲ ਧਿਆਨ ਨਾ ਦਿੰਦਿਆਂ ਮਿੱਠੂ ਨੇ ਕਿਹਾ, "ਮੈਨੂੰ ਦੇਣ ਜੋਗਾ ਜੰਗਲ ਕੋਲ ਬਹੁਤ ਕੁਝ ਹੈ।"

ਪਲ ਵਿਚ ਹੀ ਉਹ ਟਹਿਣੀਆਂ-ਪੱਤਿਆਂ ਥਾਣੀ ਆਪਣਾ ਰਾਹ ਬਣਾਉਂਦਾ ਲੋਪ ਹੋ ਗਿਆ।

ਸਵੇਰ ਦੀ ਹਵਾ ਵਿਚ ਹਿਲਦੇ ਪੱਤੇ ਇਉਂ ਲੱਗ ਰਹੇ ਸਨ ਜਿਵੇਂ ਤੋਤਿਆਂ ਦਾ ਇਕ ਸਮੂਹ ਉੱਡਣ-ਉੱਡਣ ਨੂੰ ਕਰ ਰਿਹਾ ਹੈ।

Scanned with Ca

# ਜਨਮ ਦਿਨ

ਅੱਜ ਠੰਢ ਜ਼ਿਆਦਾ ਲੱਗ ਰਹੀ ਸੀ। ਕਹਿੰਦੇ ਨੇ, ਚਲਦੀ ਹਵਾ ਮੌਸਮ ਨੂੰ ਹੋਰ ਠੰਢਾ ਕਰ ਦਿੰਦੀ ਹੈ।

ਉਹ ਅੱਜ ਵੀ ਪਹਿਲੇ ਦਿਨਾਂ ਵਾਂਗ ਆਪਣੀ ਥਾਂ ਉੱਤੇ ਖੜ੍ਹਾ ਸੀ। ਉਸ ਦੇ ਪਿੰਡੇ ਪਏ ਲੀੜੇ ਠੰਢ ਨੂੰ ਰੋਕ ਰਹੇ ਸਨ ਜਾਂ ਸੱਦ ਰਹੇ ਸਨ, ਪਤਾ ਨਹੀਂ ਸੀ ਲੱਗਦਾ।

ਉਹ ਆਪਣੇ ਪਾਏ ਕੱਪੜਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਓਧਰ ਕਰ ਲੈਂਦਾ ਜਿਧਰੋਂ ਉਸ ਨੂੰ ਲਗਦਾ, ਹਵਾ ਉਸ ਤਕ ਪਹੁੰਚ ਰਹੀ ਹੈ।

ਇਹ ਕੰਮ ਦੇਖਣ ਵਾਲੇ ਨੂੰ ਕਾਫੀ ਔਖਾ ਅਤੇ ਥਕਾ ਦੇਣ ਵਾਲਾ ਲੱਗ ਸਕਦਾ ਸੀ ਕਿਉਂਕਿ ਇਉਂ ਕਰਦਿਆਂ ਉਸ ਨੂੰ ਹੱਥ ਫੜੇ ਗੁਬਾਰੇ ਵੀ ਸੰਭਾਲਣੇ ਪੈਂਦੇ ਸਨ।

ਉਹ ਓਨੇ ਕੁ ਗ਼ੁਬਾਰੇ ਲੈ ਕੇ ਖੜ੍ਹਦਾ ਜਿੰਨੇ ਕੁ ਸੰਭਾਲਣ ਦੇ ਸਮਰੱਥ ਹੁੰਦਾ ਜਾਂ ਉਸ ਨੂੰ ਉਮੀਦ ਹੁੰਦੀ ਕਿ ਉਹ ਵਿਕ ਜਾਣਗੇ।

ਰੰਗ-ਬਿਰੰਗੇ ਗ਼ੁਬਾਰਿਆਂ ਨੂੰ ਉਹ ਖ਼ੁਦ ਫੁਲਾਉਂਦਾ ਤੇ ਸਜਾਉਂਦਾ।

ਠੰਢ ਕਰਕੇ ਉਹ ਅੱਜ ਦੇਰ ਤਕ ਇਥੇ ਠਹਿਰਨਾ ਨਹੀਂ ਚਾਹੁੰਦਾ ਸੀ। ਨੀਵੇਂ ਹੋ ਕੇ ਤੁਰ ਰਹੇ ਬੱਦਲ ਕਦੇ ਵੀ ਮੀਂਹ ਜਾਂ ਬਰਫ਼ ਨੂੰ ਰਾਹ ਦੇ ਸਕਦੇ ਸਨ।

ਉਹ ਸੂਰਜ ਛੁਪਣ ਦੇ ਬਾਅਦ ਹੀ ਇਥੇ ਪੁੱਜਦਾ। ਹਲਕਾ-ਹਲਕਾ ਨ੍ਹੇਰਾ ਸਮਾਂ ਗੁਜ਼ਰਨ ਦੇ ਨਾਲ ਗੂੜ੍ਹਾ ਹੋ ਜਾਂਦਾ। ਉਹ ਓਨੀ ਦੇਰ ਤਕ ਓਥੇ ਰਹਿੰਦਾ ਜਦ ਤਕ ਸਾਰਾ ਸਮਾਨ ਨਾ ਵਿਕ ਜਾਂਦਾ ਜਾਂ ਥੱਕ ਨਾ ਜਾਂਦਾ।

ਨ੍ਹੇਰ-ਚਾਨਣ ਵਿਚ ਗ਼ੁਬਾਰਿਆਂ ਦਾ ਸਮੂਹ ਇਵੇਂ ਲੱਗਦਾ ਜਿਵੇਂ ਕੋਈ ਫੁੱਲਾਂ ਦਾ ਬਗ਼ੀਚਾ ਤੁਰ-ਫਿਰ ਰਿਹਾ ਹੈ।

ਕਾਫ਼ੀ ਸਮਾਂ ਗੁਜ਼ਰ ਜਾਣ ਦੇ ਬਾਵਜੂਦ ਕਈ ਗ਼ੁਬਾਰੇ ਅਜੇ ਵੀ ਉਹਦੇ ਕੋਲ ਸਨ। ਉਹ ਕਈ ਤਰ੍ਹਾਂ ਦੀਆਂ ਸੋਚਾਂ ਵਿਚ ਘਿਰਿਆ ਨਿੱਕੇ-ਨਿੱਕੇ ਪੈਰ ਪੁੱਟਦਾ ਇਧਰ-ਓਧਰ ਹੋ ਰਿਹਾ ਸੀ।

Scanned with Ca

ਅਚਾਨਕ ਵੱਡੀ ਸਾਰੀ ਕਾਰ ਉਹਦੇ ਕਰੀਬ ਆ ਖੜ੍ਹੀ ਹੋਈ। ਕਾਰ ਸਵਾਰੀਆਂ ਨਾਲ ਭਰੀ ਹੋਈ ਸੀ। ਕਾਰ ਦੇ ਦਰਵਾਜ਼ੇ ਖੁੱਲ੍ਹਦਿਆਂ ਹੀ ਗੱਲਾਂ ਅਤੇ ਹਾਸੇ ਦੀ ਫੁਹਾਰ ਨਾਲ ਉਹ ਘਿਰ ਗਿਆ।


"ਲਓ, ਆਪਣੀ ਗੱਲ ਬਣ ਗਈ। ਚੰਗਾ ਹੋਇਆ ਇਧਰ ਨਿਕਲ ਆਏ ਹਾਂ।"

"ਹਾਏ, ਬਾਹਰ ਕਿੰਨੀ ਠੰਢ ਏ।"

"ਤੁਸੀ ਸਾਰੇ ਗ਼ੁਬਾਰੇ ਖਰੀਦ ਲੈਣਾ। ਹੋਰ ਕਿੱਥੇ ਜਾਵਾਂਗੇ ਇਸ ਵੇਲੇ।"

"ਬੱਚੂ ਤੇਰੇ ਜਨਮ ਦਿਨ 'ਤੇ ਚੰਗੀ ਰੌਣਕ ਲੱਗ ਜਾਵੇਗੀ। ਕਿਵੇਂ ਲੁਕਿਆ ਬੈਠਾ..."

"ਇਹ ਗ਼ੁਬਾਰੇ ਤਾਂ ਬਹੁਤ ਸੋਹਣੇ ਹਨ... !"



ਪਲਾਂ ਵਿਚ ਹੀ ਸਾਰਾ ਮਾਹੌਲ ਗਰਮਾ ਗਿਆ। ਦੇਖਦਿਆਂ-ਦੇਖਦਿਆਂ ਉਹ ਰੰਗ-ਬਿਰੰਗੇ ਕੱਪੜੇ ਪਾਈ ਲੋਕਾਂ ਵਿਚ ਘਿਰ ਗਿਆ। ਉਸ ਨੇ ਮਹਿਸੂਸ ਕੀਤਾ ਜਿਵੇਂ ਹੁਣ ਠੰਢ ਘੱਟ ਲੱਗਣ ਲੱਗੀ ਹੈ।

ਉਸ ਦੀ ਨਜ਼ਰ ਕਾਰ ਵਿਚ ਬੈਠੇ ਪੰਜ ਕੁ ਸਾਲ ਦੇ ਬੱਚੇ ਉੱਪਰ ਜਾ ਟਿਕੀ। ਉਹ ਸਾਰਿਆਂ ਤੋਂ ਵੱਖਰਾ ਜਿਹਾ ਲੱਗ ਰਿਹਾ ਸੀ। ਉਹਦੇ ਸਿਰ 'ਤੇ ਚਮਕਦਾਰ ਟੋਪੀ ਸੋਭ ਰਹੀ

Scanned with Ca

ਸੀ। ਉਹ ਚੁਪ ਉਹਦੇ ਅੰਦਰ ਤਕ ਲਹਿ ਗਿਆ। ਉਸ ਚੁਪ ਨੇ ਉਸ ਨੂੰ ਜਗਾ ਦਿੱਤਾ।

"ਇਹ ਗੁਬਾਰਾ ਮੈਂ ਲਵਾਂਗੀ। ਕੇਕ ਕੱਟਣ ਵੇਲੇ ਫੋੜਾਂਗੀ..."

"ਕੇਕ ਦਾ ਨਾਂ ਨਾ ਲੈ, ਮੇਰੇ ਮੂੰਹ ਵਿਚ ਪਾਣੀ ਆ ਜਾਂਦਾ ਹੈ।"

"ਇਸ ਵਾਰ ਤਾਂ ਬਹੁਤ ਵੱਡਾ ਕੇਕ ਬਣਵਾਇਆ। ਖਾ ਲਿਓ ਜਿੰਨਾ ਜੀਅ ਕਰੇ।"

"ਮੈਂਗੋ ਦੇ ਪਾਣ ਨਾਲ ਮਜ਼ਾ ਨਹੀਂ ਆਉਂਦਾ। ਮੈਂ ਤਾਂ ਘਰ ਕੇ ਪਾਵਾਂਗੀ।"

"ਤੈਨੂੰ ਤਾਂ ਮੈਂ ਆਪਣੀ ਪਲੇਟ ਵੱਲ ਝਾਕਣ ਵੀ ਨਾ ਦੇਵਾਂਗੀ..."

"ਆਪਣੀਆਂ ਗੱਲਾਂ ਛੱਡੋ। ਇਧਰ ਵੇਖੋ। ਦੇਰ ਨਾ ਕਰੋ। ਜਿਸ ਨੂੰ ਜੋ ਚਾਹੀਦਾ, ਦੱਸੋ।"

"ਮੈਨੂੰ ਤਾਂ ਸਾਰੇ ਪਸੰਦ ਹਨ। ਸਾਲ ਬਾਅਦ ਆਉਂਦਾ ਜਨਮ ਦਿਨ..."

ਸਾਰੇ ਮਾਹੌਲ ਨੇ ਗੁਬਾਰੇ ਵੇਚਣ ਵਾਲੇ ਨੂੰ ਅਸਥਿਰ ਕਰ ਦਿੱਤਾ। ਉਹ ਜੋ ਚੁਪ ਖੜ ਰਿਹਾ ਸੀ ਉਹ ਸਰੀਰ ਕਰਕੇ ਸੀ। ਉਸ ਦਾ ਮਨ ਕਿਸੇ ਹੋਰ ਪਾਸੇ ਘੁੰਮ ਰਿਹਾ ਸੀ।

ਉਸ ਨੇ ਜਨਮ ਦਿਨ ਪਹਿਲੀ ਵਾਰ ਸੁਣਿਆ ਸੀ। ਜਨਮ ਦਿਨ ਕਿਸ ਤਰ੍ਹਾਂ ਮਨਾਇਆ ਜਾਂਦਾ ਹੈ ? ਲੋਕ ਉਸ ਵੇਲੇ ਕੀ ਕਰਦੇ ਹਨ ? ਕੀ ਇਹ ਮੰਗ ਕੇ ਮਨਾਇਆ ਜਾਂਦਾ ਹੈ।

ਇਹ ਪ੍ਰਸ਼ਨ ਉਸ ਦੇ ਦਿਮਾਗ਼ ਵਿਚ ਵਾ-ਵਰੋਲੇ ਵਾਂਗ ਘੁੰਮਣ ਲੱਗੇ।

ਉਹ ਇਹ ਵੀ ਸੋਚ ਰਿਹਾ ਸੀ ਕਿ ਮੰਗਣ ਨਾਲ ਉਸ ਦਾ ਸੰਬੰਧ ਬਹੁਤ ਪੁਰਾਣਾ ਹੈ, ਸ਼ਾਇਦ ਜਨਮ ਤੋਂ ਹੀ।

ਜਦ ਉਹ ਛੋਟਾ ਸੀ ਤਾਂ ਮਾਂ ਉਸ ਨੂੰ ਕੁੱਛੜ ਚੁੱਕ ਮੰਗਦੀ ਹੁੰਦੀ ਸੀ। ਥੋੜ੍ਹਾ ਵੱਡਾ ਹੋਣ ਬਾਅਦ ਉਸ ਦੇ ਮਾਪਿਆਂ ਨੇ ਉਸ ਨੂੰ ਮੰਗਣ ਲਗਾ ਦਿੱਤਾ।

ਆਸ-ਪਾਸ ਦੀ ਸੋਝੀ ਹੋਣ ਬਾਅਦ ਉਸ ਨੂੰ ਮੰਗਣਾ ਚੰਗਾ ਨਾ ਲੱਗਾ। ਉਹ ਕੋਈ ਕੰਮ ਕਰ ਕੇ ਪੈਸੇ ਲੈਣਾ ਚਾਹੁੰਦਾ ਸੀ।

ਮੰਗਣ ਸਮੇਂ ਫੈਲੇ ਹੱਥ ਅਤੇ ਆਪਣੀਆਂ ਲਿਲਕੜੀਆਂ ਵੀ ਉਸ ਨੂੰ ਚੇਤੇ ਆਈਆਂ। ਉਹ ਜਦ ਆਪਣੀ ਉਮਰ ਤੋਂ ਕਿਤੇ ਵੱਡੇ ਅਣਜਾਣੇ ਲੋਕਾਂ ਨੂੰ ਅਸੀਸ ਦਿੰਦਾ ਤਾਂ ਉਸ ਨੂੰ ਸ਼ਰਮ ਆ ਜਾਂਦੀ।

ਬਦਲੇ ਵਿਚ ਉਸ ਨੂੰ ਕਦੇ ਅਸੀਸ ਨਾ ਮਿਲੀ। ਪੈਸੇ ਦੇਣ ਅਤੇ ਨਾ ਦੇਣ ਵਾਲੇ ਦੋਹਾਂ ਦੀਆਂ ਨਜ਼ਰਾਂ ਉਸ ਨੂੰ ਵਿੰਨ੍ਹ ਜਾਂਦੀਆਂ। ਜਿਨ੍ਹਾਂ ਦੀ ਚੋਭ ਦੇਰ ਤਕ ਮਹਿਸੂਸ ਹੁੰਦੀ ਰਹਿੰਦੀ।

Scanned with Ca

ਅੱਜ ਉਸ ਦੇ ਸਾਰੇ ਗ਼ੁਬਾਰੇ ਵਿਕ ਗਏ। ਇਸ ਨੇ ਉਸ ਨੂੰ ਖੁਸ਼ੀ ਨਾਲ ਭਰਨ ਦੇ ਨਾਲ-ਨਾਲ ਉਸ ਦਾ ਸਰੀਰ ਵੀ ਗਰਮਾ ਦਿੱਤਾ।

ਹੱਥ ਵਿਚ ਆਏ ਨੋਟਾਂ ਅਤੇ ਸਿੱਕਿਆਂ ਨੇ ਉਹਦੇ ਖੰਭ ਲਾ ਦਿੱਤੇ। ਬਿਜਲੀ ਜਿਹਾ ਵਿਚਾਰ ਲਿਸ਼ਕਿਆ। ਉਹ ਵੀ ਜਨਮ ਦਿਨ ਮਨਾ ਕੇ ਦੇਖੇਗਾ।...

ਬੱਚੇ-ਵੱਡੇ ਕਾਰ ਵਿਚ ਬੈਠਣ ਲੱਗੇ। ਹਰ ਜੀਅ ਦੂਜੇ ਨੂੰ ਥਾਂ ਦੇਣ ਲਈ ਸੁੰਗੜ ਰਿਹਾ ਸੀ। ਗਰਮ ਕੱਪੜਿਆਂ ਨੇ ਉਹਨਾਂ ਨੂੰ ਲੋੜੋਂ ਵੱਧ ਮੋਟਾ ਕੀਤਾ ਹੋਇਆ ਸੀ।

ਗ਼ੁਬਾਰੇ ਵਾਲਾ ਮੁੰਡਾ ਘਰ ਜਾਣ ਨੂੰ ਪਿਛਾਂਹ ਵੱਲ ਮੁੜਿਆ। ਉਸ ਦੀ ਨਜ਼ਰ ਕਾਰ ਦੀ ਖੁੱਲ੍ਹੀ ਡਿੱਕੀ ਵੱਲ ਗਈ। ਪਲ-ਛਿਣ ਵਿਚ ਉਹ ਸਮਾਨ ਨਾਲ ਸਮਾਨ ਬਣ ਬੈਠ ਗਿਆ।

ਸਾਰਾ ਰਾਹ ਉਹ ਠੰਢ ਅਤੇ ਸੋਚ ਨਾਲ ਲੜਦਾ ਰਿਹਾ। ਖੁਸ਼ੀ ਦੀ ਲੋਅ ਇਹ ਸੀ ਕਿ ਆਪਣੀਆਂ ਅੱਖਾਂ ਨਾਲ ਉਹ ਪਹਿਲੀ ਵਾਰ ਜਨਮ ਦਿਨ ਮਨਾਇਆ ਜਾਂਦਾ ਦੇਖੇਗਾ।

ਕਾਰ ਰੁਕਦਿਆਂ ਹੀ ਉਸ ਵਿਚੋਂ ਸਭ ਤੋਂ ਪਹਿਲਾ ਉਤਰਨ ਵਾਲਾ ਗ਼ੁਬਾਰੇ ਵੇਚਣ ਵਾਲਾ ਮੁੰਡਾ ਸੀ। ਹਨ੍ਹੇਰੇ ਵਿਚ ਵੀ ਉਸ ਨੇ ਛੁਪਣ ਲਈ ਦਰੱਖ਼ਤ ਦੀ ਓਟ ਲਈ।

ਦੂਜੇ ਲੋਕ ਵੀ ਕਾਰ ਵਿਚੋਂ ਉਤਰੇ, ਸਮਾਨ ਉਤਾਰਿਆ ਅਤੇ ਗੱਲਾਂ ਕਰਦੇ, ਹੱਸਦੇ, ਘਰ ਅੰਦਰ ਚਲੇ ਗਏ।

ਹੁਣ, ਬਾਹਰ ਖਾਮੋਸ਼ੀ ਅਤੇ ਠੰਢ ਬਚੀ ਸੀ।

ਬੰਦ ਘਰ ਦੀਆਂ ਖਿੜਕੀਆਂ ਦੇ ਸ਼ੀਸ਼ਿਆਂ ਥਾਣੀਂ ਪੀਲੀ ਲੋਅ ਦਿਸਦੀ ਸੀ।

ਹਵਾ ਨੂੰ ਸਹਾਰਦਾ ਹੋਇਆ ਉਹ ਇਹੋ ਜਿਹੀ ਥਾਂ ਲੱਭਣ ਲੱਗਾ ਜਿਥੋਂ ਉਸ ਨੂੰ ਘਰ ਦੇ ਅੰਦਰ ਦੀ ਹਲਚਲ ਦਾ ਪਤਾ ਲੱਗ ਸਕੇ।

ਆਪਣੇ ਜਤਨ ਵਿਚ ਉਹ ਉਸ ਵੇਲੇ ਸਫਲ ਹੋਇਆ ਜਦ ਸ਼ੀਸ਼ੇ ਤੋਂ ਹਟੇ ਪਰਦੇ ਵਿਚੋਂ ਦੀ ਹੱਸਦੇ, ਟੱਪਦੇ ਬੱਚੇ-ਵੱਡੇ ਦਿਖਾਈ ਦਿੱਤੇ। ਉਸ ਦੀਆਂ ਅੱਖਾਂ ਅੱਗੇ ਸਾਰਾ ਕੁਝ ਕਿਸੇ ਮੂਕ ਫਿਲਮ ਵਾਂਗ ਵਾਪਰ ਰਿਹਾ ਸੀ।

ਕਮਰੇ ਵਿਚਾਲੇ ਪਏ ਮੇਜ਼ ਉੱਤੇ ਕੇਕ ਉੱਪਰ ਮੋਮਬੱਤੀਆਂ ਬਲ ਰਹੀਆਂ ਸਨ। ਉਨ੍ਹਾਂ ਦੀ ਲੋਅ ਦੇ ਸੇਕ ਨੂੰ ਉਹ ਬਾਹਰ ਖੜ੍ਹਾ ਮਹਿਸੂਸ ਕਰ ਰਿਹਾ ਸੀ।

ਵੱਧਦੀ ਠੰਢ ਅਤੇ ਇਕੋ ਥਾਂ ਖੜ੍ਹੇ ਰਹਿਣ ਨੇ ਉਸ ਨੂੰ ਥਕਾ ਦਿੱਤਾ ਸੀ। ਟਿਕ-ਟਿਕੀ ਲਾ ਕੇ ਦੇਖੀ ਜਾਣ ਕਾਰਨ ਉਸ ਦੀਆਂ ਅੱਖਾਂ ਕਦੇ ਬੰਦ ਹੋ ਜਾਂਦੀਆਂ ਕਦੇ ਖੁੱਲ੍ਹ ਜਾਂਦੀਆਂ।

ਕਮਰੇ ਵਿਚ ਘੁੰਮ ਰਹੇ ਲੋਕਾਂ ਦੇ ਹੱਥੀਂ ਭਾਂਤ-ਭਾਂਤ ਦੀਆਂ ਮੱਠਿਆਈਆਂ ਨੂੰ ਦੇਖ ਉਸ

Scanned with Ca

ਦੀ ਭੁੱਖ ਵੀ ਜਾਗ ਪਈ ਸੀ।

ਆਪਣੇ ਦੁਆਲੇ ਕੱਪੜਿਆਂ ਨੂੰ ਕੱਸਦਿਆਂ ਉਸ ਨੇ ਆਪਣੇ ਮੂੰਹ ਵਿਚ ਆਈ ਲਾਰ ਨੂੰ ਗਲੇ ਥੱਲੇ ਉਤਾਰਿਆ ਅਤੇ ਖਾਲੀ ਠੰਢੇ ਹੱਥ ਨੂੰ ਢਿੱਡ ਉੱਪਰ ਫੇਰਿਆ। ਢਿੱਡ ਨੂੰ ਹੱਥ ਜ਼ਿਆਦਾ ਠੰਢਾ ਲੱਗਾ।

ਇਸ ਸਭ ਦੇ ਬਾਵਜੂਦ ਉਹ ਖੁਦ ਨੂੰ ਇਸ ਹਲਚਲ ਵਿਚ ਸ਼ਾਮਲ ਸਮਝ ਰਿਹਾ ਸੀ ਜੋ ਉਸ ਦੀਆਂ ਅੱਖਾਂ ਮੋਹਰੇ ਹੋ ਰਹੀ ਸੀ।

ਫੇਰ ਉਸ ਨੇ ਆਪਣੀਆਂ ਅੱਧ-ਖੁੱਲ੍ਹੀਆਂ ਅੱਖਾਂ ਨਾਲ ਖੁਦ ਨੂੰ ਅਤਿ ਸੁੰਦਰ ਕੱਪੜਿਆਂ ਵਿਚ ਸਜਿਆ ਦੇਖਿਆ। ਕਈ ਪਛਾਣੇ-ਅਣਪਛਾਣੇ ਚਿਹਰੇ ਉਸ ਦੁਆਲੇ ਖੁਸ਼ ਹੋ-ਹੋ ਘੁੰਮ ਰਹੇ ਸਨ।

ਉਹ ਵੀ ਲੋਰ ਵਿਚ ਤੇਜ਼-ਤੇਜ਼ ਘੁੰਮਣ ਲੱਗਾ।

ਘੁੰਮਦਿਆਂ-ਘੁੰਮਦਿਆਂ ਉਸ ਨੂੰ ਲੱਗਾ ਮੋਮਬੱਤੀਆਂ ਜਿਵੇਂ ਛੱਤ ਪਾੜ ਅਸਮਾਨ ਵੱਲ ਨੂੰ ਤੁਰ ਪਈਆਂ ਹਨ ਅਤੇ ਟਿਮਟਿਮਾਉਂਦੇ ਤਾਰਿਆਂ ਵਿਚ ਰਲ-ਮਿਲ ਗਈਆਂ ਹਨ।

ਹੁਣ ਜਿਵੇਂ ਸਾਰਾ ਅਸਮਾਨ ਉਸ ਦੀ ਖੁਸ਼ੀ ਵਿਚ ਸ਼ਾਮਲ ਸੀ।

ਇੰਨੀ ਖੁਸ਼ੀ ਆਪਣੇ ਜੀਵਨ ਵਿਚ ਉਸ ਨੇ ਕਦੇ ਮਹਿਸੂਸ ਨਹੀਂ ਕੀਤੀ ਸੀ।

ਚੰਦ ਦੀਆਂ ਕਿਰਨਾਂ ਉਸ ਨੂੰ ਕੂਲੇ-ਕੂਲੇ ਹੱਥ ਲੱਗੇ ਜਿਹੜੇ ਨਿੱਕੇ-ਨਿੱਕੇ ਇਸ਼ਾਰਿਆਂ ਨਾਲ ਉਸ ਨੂੰ ਆਪਣੇ ਵੱਲ ਸੱਦ ਰਹੇ ਸਨ।

ਇਹ ਦੇਖ ਕੇ ਉਹ ਬਹੁਤ ਪ੍ਰਸੰਨ ਹੋ ਰਿਹਾ ਸੀ। ਹੁਣ ਤਾਂ ਉਸ ਨੂੰ ਠੰਢ ਵੀ ਨਹੀਂ ਲੱਗ ਰਹੀ ਸੀ।

ਕੁਝ ਨਾ ਖਾਣ ਦੇ ਬਾਵਜੂਦ ਉਸ ਨੂੰ ਭੁੱਖ ਮਹਿਸੂਸ ਨਹੀਂ ਹੋ ਰਹੀ ਸੀ। ਹੌਲਾ ਹੋਇਆ ਸਰੀਰ ਜਿੱਧਰ ਚਿੱਤ ਕਰਦਾ, ਤੁਰ ਪੈਂਦਾ।

ਉਹ ਆਪਣੇ ਸੰਗੀ-ਸਾਥੀਆਂ ਨੂੰ ਪਿੱਛੇ ਛੱਡਦਾ ਚਲਾ ਗਿਆ। ਹੁਣ 'ਕੱਲਾ ਹੀ ਉਹ ਆਪਣੇ ਰਾਹ ਤੁਰ ਰਿਹਾ ਸੀ।

ਪਲ-ਪਲ ਕਰਦਿਆਂ ਰਾਤ ਬੀਤ ਗਈ। ਸਵੇਰ ਵੇਲੇ ਪੰਛੀਆਂ ਨੇ ਆਪਣੇ ਰਸੀਲੇ ਬੋਲਾਂ ਨਾਲ ਅਸਮਾਨ ਭਰ ਦਿੱਤਾ।

Scanned with CamScanner

ਪੰਛੀਆਂ ਦੀ ਆਵਾਜ਼ ਸੁਣ ਕੇ ਉੱਠਣ ਵਾਲਾ ਅਜੇ ਵੀ ਸੁੱਤਾ ਪਿਆ ਸੀ।

ਘਰਾਂ ਵਿਚੋਂ ਨਿਕਲ ਲੋਕ ਜਦ ਘੁੰਮਣ-ਫਿਰਨ ਲੱਗੇ ਤਾਂ ਉਹਨਾਂ ਖਿੜਕੀ ਥੱਲੇ ਅੱਧਲੇਟੇ ਮੁੰਡੇ ਨੂੰ ਦੇਖਿਆ ਜਿਸ ਦੇ ਅੱਧਖੁੱਲ੍ਹੇ ਖੱਬੇ ਹੱਥੋਂ ਪੈਸੇ ਨਿਕਲ ਕੇ ਖਿੱਲਰੇ ਪਏ ਸਨ ਅਤੇ ਦੂਜੇ ਹੱਥ ਨਾਲ ਕਮੀਜ਼ ਨੂੰ ਘੁੱਟ ਕੇ ਫੜਿਆ ਹੋਇਆ ਸੀ।

Scanned with Ca

# ਘਰ

ਜੋ ਮਾਹੌਲ ਕਮਰੇ ਦੇ ਅੰਦਰ ਸੀ, ਉਹ ਬਾਹਰ ਨਹੀ ਸੀ।

ਕਮਰੇ ਦੇ ਅੰਦਰ ਠੰਢੀ ਹਵਾ ਦੇ ਬੁੱਲ੍ਹੇ ਆਪਣੇ ਸੰਪਰਕ ਵਿਚ ਆਉਣ ਵਾਲੀ ਹਰ ਵਸਤੂ ਨੂੰ ਠੰਢਾ ਬਣਾ ਰਹੇ ਸਨ।



ਬਾਹਰ ਤੇਜ਼ ਲੂ ਚੱਲ ਰਹੀ ਸੀ। ਗਰਮ ਹਵਾ ਵਾਰ-ਵਾਰ ਵਸਤੂਆਂ ਨਾਲ ਟਕਰਾ ਕੇ ਉਹਨਾਂ ਨੂੰ ਆਪਣੇ ਜਿੰਨਾ ਤਪਾ ਰਹੀ ਸੀ।

ਕਮਰੇ ਵਿਚ ਬਾਵਾ, ਗਗਨ ਅਤੇ ਉਹਨਾਂ ਦੀ ਮੰਮੀ ਬੈਠੇ ਹੋਏ ਸਨ। ਕੋਈ ਪੜ੍ਹ ਰਿਹਾ ਸੀ, ਕੋਈ ਡਿਸਕਵਰੀ ਚੈਨਲ 'ਤੇ ਆ ਰਿਹਾ ਪ੍ਰੋਗਰਾਮ ਦੇਖ ਰਿਹਾ ਸੀ ਤਾਂ ਤੀਜਾ ਦੋਹਾਂ ਦੇ ਰੰਗ ਵਿਚ ਆਪਣਾ ਰੰਗ ਘੋਲੀ ਜਾ ਰਿਹਾ ਸੀ।

ਸਮਾਂ ਦੁਪਹਿਰ ਦਾ ਸੀ।

ਲੂ ਦੇ ਚੱਲਣ ਦੀ ਆਵਾਜ਼ ਅੰਦਰ ਬੈਠਿਆਂ ਨੂੰ ਵੀ ਸੁਣ ਰਹੀ ਸੀ।

Scanned with Ca

ਅਚਾਨਕ ਸਭ ਦਾ ਧਿਆਨ ਵੰਡਿਆ ਗਿਆ ਜਦ ਗਗਨ ਨੇ ਆਪਣੀ ਚੀਖਵੀ ਆਵਾਜ਼ ਵਿਚ ਕਿਹਾ, "ਮੰਮੀ, ਉਹ ਦੇਖੋ, ਸ਼ਾਰਕ ! ਉਹ.... ਉਹ ਸਾਡੇ ਕੂਲਰ 'ਤੇ ਆ ਬੈਠੀ ਏ !"

ਇਹਨਾਂ ਬੋਲਾਂ ਦਾ ਪਿੱਛਾ ਕਰਦਿਆਂ ਸਾਰਿਆਂ ਦੀਆਂ ਨਜ਼ਰਾਂ ਖਿੜਕੀ ਤੋਂ ਬਾਹਰ ਨਿਕਲ ਗਈਆਂ। ਸੱਚੀ ਬਾਹਰ ਪਏ ਕੂਲਰ ਉੱਪਰ ਇਕ ਸ਼ਾਰਕ ਬੈਠੀ ਹੋਈ ਸੀ। ਉਹਦੀ ਖੁੱਲ੍ਹੀ ਚੁੰਝ ਵਿਚੋਂ ਦੀ ਜੀਭ ਬਾਹਰ ਲਮਕ ਰਹੀ ਸੀ। ਤੇਜ਼ ਚਲਦੇ ਸਾਹਾਂ ਕਾਰਨ ਉਹਦੀ ਛਾਤੀ ਉੱਚੀ-ਨੀਵੀ ਹੋ ਰਹੀ ਸੀ।

ਤਿੰਨੇ ਜਣੇ ਇਕ ਟੱਕ ਸ਼ਾਰਕ ਦੀ ਹਾਲਤ ਨੂੰ ਦੇਖਣ ਲੱਗੇ। ਪਰ ਇਹ ਕੋਈ ਚੰਗਾ ਨਜ਼ਾਰਾ ਨਹੀ ਸੀ।

ਤਦੇ ਬਾਵਾ ਨੇ ਮਹਿਸੂਸ ਕੀਤਾ ਕਿ ਇਸ ਨੂੰ ਪਿਆਸ ਲੱਗੀ ਹੋਵੇਗੀ। ਉਸ ਨੇ ਗਗਨ ਨੂੰ ਹੁਕਮ ਦੇ ਦਿੱਤਾ, "ਜਾ, ਰਸੋਈ 'ਚੋਂ ਕੌਲੀ 'ਚ ਪਾਣੀ ਲੈ ਆ...।"

"ਤੂੰ ਜਾ...। ਮੈਂ ਨਹੀ ਜਾਂਦਾ।"

"ਤੈਨੂੰ, ਇਹ ਸ਼ਾਰਕ ਚੰਗੀ ਲੱਗਦੀ ਏ ਨਾ।"

"ਹਾਂ...।"

"ਤਾਂ, ਫੇਰ ਜਾ। ਪਾਣੀ ਲੈ ਆ। ਨਹੀ ਤਾਂ ਇਹ ਮਰ ਜਾਵੇਗੀ।"

ਬਾਵੇ ਦੀ ਗੱਲ ਮੰਨ ਕੇ ਗਗਨ ਰਸੋਈ ਵੱਲ ਚਲਾ ਗਿਆ। ਸ਼ਾਰਕ ਦੀ ਤੇਜ਼ ਧੜਕਣ ਲਗਾਤਾਰ ਜਾਰੀ ਸੀ।

ਥੋੜ੍ਹੇ ਸਮੇਂ ਵਿਚ ਹੀ ਗਗਨ ਪਾਣੀ ਲੈ ਆਇਆ।

ਸ਼ਾਰਕ ਨੂੰ ਪਾਣੀ ਦੇਣ ਲਈ ਕਮਰੇ ਦਾ ਦਰਵਾਜ਼ਾ ਜਦੋਂ ਖੋਲ੍ਹਿਆ ਗਿਆ ਤਾਂ ਸੇਕ ਦਾ ਹੜ੍ਹ ਅੰਦਰ ਵੱਲ ਨੂੰ ਵਧਿਆ।

ਤਿੰਨੇ ਜਣੇ ਇਕ-ਦੂਜੇ ਨੂੰ ਧੱਕਾ ਦਿੰਦੇ ਬਾਹਰ ਨਿਕਲ ਆਏ। ਇਹ ਵਰਤਾਰਾ ਦੇਖਦਿਆਂ ਹੀ ਸ਼ਾਰਕ ਕੂਲਰ ਤੋਂ ਉੱਡ ਕੇ ਸਾਹਮਣੇ ਲਟਕਦੀ ਬਿਜਲੀ ਦੀ ਤਾਰ ਉੱਪਰ ਜਾ ਬੈਠੀ।

ਗੈਲਰੀ ਦਾ ਫ਼ਰਸ਼ ਪੈ ਰਹੀ ਸਿੱਧੀ ਧੁੱਪ ਕਾਰਨ ਤਪਿਆ ਹੋਇਆ ਸੀ ਜਿਸ ਉੱਪਰ ਪੈਰ ਟਿਕਾਉਣਾ ਮੁਸ਼ਕਲ ਹੋ ਰਿਹਾ ਸੀ।

ਤਾਰ ਉੱਪਰ ਜਾ ਬੈਠੀ ਸ਼ਾਰਕ ਦਾ ਮੂੰਹ ਇਹਨਾਂ ਤਿੰਨਾਂ ਵੱਲ ਹੀ ਸੀ। ਕਿਸੇ ਡਰ ਕਾਰਨ ਜਾਂ ਕਿਸੇ ਆਸ ਕਾਰਨ ! ਪਤਾ ਨਹੀ....।

Scanned with Ca

ਗਗਨ ਨੇ ਕੌਲੀ ਕੂਲਰ ਉੱਪਰ ਰੱਖ ਦਿੱਤੀ। ਜਲਦੀ ਹੀ ਉਹ ਮੁੜ ਕਮਰੇ ਵਿਚ ਆ ਗਏ ਅਤੇ ਆਪੋ-ਆਪਣੀ ਜਗ੍ਹਾ ਮੱਲ ਲਈ।

ਹੁਣ ਤਿੰਨਾਂ ਦਾ ਧਿਆਨ ਕੂਲਰ ਉੱਪਰ ਰੱਖੀ ਕਟੋਰੀ ਵੱਲ ਸੀ। ਸਭ ਨੂੰ ਆਪੋ-ਆਪਣੇ ਕੰਮ ਵਿਸਰ ਚੁੱਕੇ ਸਨ। ਤਿੰਨੋਂ ਜਣੇ ਚੁੱਪਚਾਪ ਸ਼ਾਰਕ ਦੀਆਂ ਹਰਕਤਾਂ ਦੇਖ ਰਹੇ ਸਨ।

ਤਾਰ ਤੋਂ ਉੱਡ ਕੇ ਉਹ ਮੁੜ ਕੂਲਰ ਉੱਪਰ ਆ ਬੈਠੀ।

ਬੈਠਦਿਆਂ ਹੀ ਉਸ ਨੇ ਆਪਣੀ ਛਾਤੀ ਨੂੰ ਥੋੜ੍ਹਾ ਉੱਚਾ ਕੀਤਾ ਅਤੇ ਗਰਦਨ ਨੂੰ ਟੇਢੀ ਕਰ ਕੇ ਆਪਣੇ ਆਲੇ-ਦੁਆਲੇ ਦਾ ਮੁਆਇਨਾ ਕੀਤਾ। ਦੋ-ਚਾਰ ਵਾਰ ਆਪਣੇ ਖੰਭਾਂ ਵਿਚ ਚੁੰਝ ਫੇਰੀ। ਫੇਰ ਆਪਣੇ ਹੀ ਅੰਦਾਜ਼ ਵਿਚ ਨਿੱਕੇ-ਨਿੱਕੇ ਪੈਰ ਪੁੱਟਦਿਆਂ ਉਹ ਕਟੋਰੀ ਵੱਲ ਵਧੀ। ਪੈਰਾਂ ਨੂੰ ਥਾਂ-ਸਿਰ ਟਿਕਾਉਣ ਬਾਅਦ ਉਸ ਨੇ ਆਪਣੀ ਚੁੰਝ ਪਾਣੀ ਵਿਚ ਡੋਬ ਦਿੱਤੀ।

ਪਾਣੀ ਪੀ ਲੈਣ ਬਾਅਦ ਉਸ ਨੇ ਸਿਰ ਉੱਚਾ ਚੁੱਕ ਅਸਮਾਨ ਵੱਲ ਦੇਖਿਆ। ਹੁਣ ਉਸ ਦੀਆਂ ਗੋਲ-ਗੋਲ ਅੱਖਾਂ ਬੰਦ ਹੋ ਰਹੀਆਂ ਸਨ, ਖੁੱਲ੍ਹ ਰਹੀਆਂ ਸਨ।

ਪਾਣੀ ਦੀ ਪਿਆਸ ਤੋਂ ਅਗ੍ਹਾਂ ਵੀ ਕੁਝ ਹੋਰ ਹੁੰਦਾ ਹੋਵੇਗਾ। ਇਸ ਸੋਚ ਨੇ ਗਗਨ ਨੂੰ ਹਲੂਣਿਆ। ਉਹ ਬੋਲ ਪਿਆ, "ਮੰਮੀ, ਇਸ ਨੂੰ ਭੁੱਖ ਵੀ ਲੱਗੀ ਹੋਵੇਗੀ...। ਮੈਂ ਰਸੋਈ 'ਚੋਂ ਇਹਦੇ ਲਈ ਰੋਟੀ ਲਿਆਂਵਾਂ।"

"ਤੂੰ ਤਾਂ ਬੜਾ ਦਿਆਲ ਹੋ ਗਿਆ ਏਂ..., ਜਾ ਲੈ ਆ। ਸ਼ਾਇਦ ਇਕ-ਅੱਧੀ ਰੋਟੀ ਪਈ ਹੋਵੇ," ਉਸ ਦੀ ਮੰਮੀ ਨੇ ਹੱਸਦਿਆਂ-ਹੱਸਦਿਆ ਕਿਹਾ।

ਸਭ ਨੇ ਮਿਲ ਕੇ ਰੋਟੀ ਦੇ ਨਿੱਕੇ-ਨਿੱਕੇ ਟੁਕੜੇ ਕੀਤਾ। ਉਹਨਾਂ ਟੁਕੜਿਆਂ ਨੂੰ ਕੂਲਰ ਉੱਪਰ ਰੱਖਣ ਲਈ ਜਦ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਸ਼ਾਰਕ ਪਹਿਲਾਂ ਵਾਂਗ ਉੱਡ ਕੇ ਤਾਰ 'ਤੇ ਜਾ ਬੈਠੀ।

ਬਾਹਰ ਦੀ ਗਰਮ ਹਵਾ ਨੂੰ ਬਾਹਰ ਰੱਖਣ ਲਈ ਦਰਵਾਜ਼ਾ ਜਲਦੀ ਨਾਲ ਢੋਅ ਲਿਆ ਗਿਆ।

ਕੁਝ ਕੁ ਵਕਫ਼ੇ ਬਾਅਦ ਸ਼ਾਰਕ ਕੂਲਰ 'ਤੇ ਆ ਬੈਠੀ। ਉਸ ਨੇ ਆਪਣੀ ਚੁੰਝ ਨਾਲ ਰੋਟੀ ਦੇ ਟੁਕੜਿਆਂ ਨੂੰ ਉਲਟਾ-ਪਲਟਾ ਕੇ ਦੇਖਿਆ। ਥੋੜ੍ਹਾ ਜਿਹਾ ਪਿੱਛੇ ਹੋ ਕੇ ਆਪਣੀ ਖੱਬੀ ਲੱਤ ਦੀਆਂ ਨਹੁੰਦਰਾਂ ਨਾਲ ਚੁੰਝ ਸਾਫ਼ ਕੀਤੀ। ਜਿਸਮ ਨੂੰ ਹਲਕਾ ਜਿਹਾ ਫੁਲਾਇਆ ਅਤੇ ਸੱਜੇ ਪੈਰ ਨਾਲ ਕੁਝ ਟੁਕੜਿਆਂ ਨੂੰ ਆਪਣੇ ਵੱਲ ਖਿੱਚਿਆ।

ਭੁੱਖ ਆਪਣਾ ਅਸਰ ਦਿਖਾ ਰਹੀ ਸੀ। ਸੰਭਵ ਹੈ ਇਸੇ ਕਾਰਨ ਉਸ ਦੀ ਚੁੰਝ ਜਲਦੀ-

Scanned with C

ਜਲਦੀ ਚਲ ਰਹੀ ਸੀ।

ਤਿੰਨੇ ਜਣੇ ਸ਼ਾਰਕ ਦੀਆਂ ਹਰਕਤਾਂ ਨੂੰ ਦੇਰ ਤਕ ਦੇਖਦੇ ਰਹੇ। ਦੇਖਦਿਆਂ-ਦੇਖਦਿਆਂ ਪਤਾ ਹੀ ਨਾ ਲੱਗਾ, ਉਹਨਾਂ ਨੂੰ ਨੀਂਦ ਕਦੋਂ ਆ ਗਈ।

ਤ੍ਰਿਕਾਲਾਂ ਵੇਲੇ ਜਦ ਉਹ ਉੱਠੇ ਤਾਂ ਸ਼ਾਰਕ ਓਥੇ ਨਹੀਂ ਸੀ। ਰੋਟੀ ਦੇ ਬਚੇ ਹੋਏ ਕੁਝ ਟੁਕੜੇ ਓਥੇ ਪਏ ਹੋਏ ਸਨ।

ਤਿੰਨੇ ਜਣੇ ਹੈਰਾਨ ਸਨ। ਕੀ ਉਹ 'ਕੱਲੀ ਹੀ ਸਾਰੀ ਰੋਟੀ ਖਾ ਗਈ ਸੀ ਜਾਂ ਕਿ ਉਹਦੇ ਚਲੇ ਜਾਣ ਬਾਅਦ ਕੋਈ ਹੋਰ ਪਖੇਰੂ ਰੋਟੀ ਦੇ ਟੁਕੜੇ ਚੁਗ ਗਿਆ ਸੀ।

ਅਗਲੇ ਦਿਨ ਮੁੜ ਓਹੀ ਸ਼ਾਰਕ ਓਥੇ ਆਣ ਬੈਠੀ। ਉਸ ਨੂੰ ਅੱਜ ਵੀ ਪਾਣੀ-ਰੋਟੀ ਦਿੱਤੀ ਗਈ। ਉਸ ਨੇ ਵੀ ਬੀਤੇ ਕੱਲ੍ਹ ਵਾਲਾ ਵਰਤਾਓ ਕੀਤਾ।

ਤਿੰਨ-ਚਾਰ ਦਿਨਾਂ ਬਾਅਦ ਦੋਹਾਂ ਧਿਰਾਂ ਵਿਚਾਲੇ ਵਿਸ਼ਵਾਸ ਬਣ ਗਿਆ ਤਾਂ ਸ਼ਾਰਕ ਨੇ ਉੱਡਣਾ ਬੰਦ ਕਰ ਦਿੱਤਾ। ਹੁਣ ਜਦ ਵੀ ਉਸ ਨੂੰ ਖਾਣ-ਪੀਣ ਲਈ ਕੁਝ ਦਿੱਤਾ ਜਾਂਦਾ ਤਾਂ ਉਹ ਦੋ-ਚਾਰ ਪੈਰ ਪਿੱਛੇ ਹੋ ਜਾਂਦੀ ਅਤੇ ਉਥੇ ਖੜ੍ਹੀ-ਖੜ੍ਹੀ ਆਪਣੇ ਪਰ ਹਿਲਾਉਂਦੀ ਰਹਿੰਦੀ ਜਾਂ ਗਰਦਨ ਟੇਢੀ ਕਰ ਕੇ ਦੇਖਦੀ ਰਹਿੰਦੀ।

ਇਕ ਦਿਨ ਉਹਦੇ ਨਾਲ ਇਕ ਹੋਰ ਸ਼ਾਰਕ ਸੀ। ਇਸ ਦਿਨ ਦੋਹਾਂ ਨੇ ਰਲ ਕੇ ਪੀਤਾ-ਖਾਧਾ ਅਤੇ ਆਪਣੇ ਮਿੱਥੇ ਸਮੇਂ 'ਤੇ ਓਥੋਂ ਤੁਰ ਗਏ।

ਕੁਝ ਦਿਨ ਬਾਅਦ ਇਕ ਕੌਤਕ ਵਰਤਿਆ।

ਬਾਵਾ ਆਪਣੀ ਮੰਮੀ ਨਾਲ ਜਦ ਰੋਟੀ ਲੈ ਕੇ ਉਹਨਾਂ ਵਲ ਵਧੀ ਤਾਂ ਸ਼ਾਰਕ ਥੋੜ੍ਹਾ ਝਿਜਕਦੀ ਹੋਈ ਬੋਲ ਪਈ, "ਤੁਸੀਂ ਸਭ ਨੇ ਮਿਲ ਕੇ ਉਸ ਦਿਨ ਮੇਰੀ ਜਾਨ ਬਚਾ ਲਈ। ਉਸ ਤੋਂ ਬਾਅਦ ਵੀ... ਕੀ ਕਹਾਂ... ਮੈਥੋਂ ਬੋਲ ਨਹੀਂ ਹੁੰਦਾ।"

ਇਹ ਕਹਿੰਦਿਆਂ ਉਸ ਦਾ ਸਿਰ ਝੁਕ ਗਿਆ। ਉਸ ਦਾ ਸਾਥੀ ਚੁੱਪ ਅਤੇ ਅਡੋਲ ਖੜ੍ਹਾ ਰਿਹਾ।

ਬਾਵਾ ਦੀ ਮੰਮੀ ਖੁਦ ਹੈਰਾਨ ਸੀ। ਉਸ ਕੋਲੋਂ ਵੀ ਕੁਝ ਨਾ ਬੋਲਿਆ ਗਿਆ। ਕੁਝ ਵਕਫ਼ੇ ਬਾਅਦ ਉਹ ਬੋਲੀ, "ਓਦਣ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਤੂੰ ਮੁਸੀਬਤ 'ਚ ਏਂ। ਤੈਨੂੰ ਜਿਉਂਦਾ ਦੇਖ ਕੇ ਅਸੀਂ ਸਾਰੇ ਖੁਸ਼ ਹਾਂ। ਤੇਰੇ ਆਉਣ ਨਾਲ ਸਾਨੂੰ ਕੋਈ ਤਕਲੀਫ਼ ਨਹੀਂ ਹੁੰਦੀ।"

"ਇਹ ਥਾਂ ਮੈਨੂੰ ਵੀ ਚੰਗੀ ਲੱਗੀ ਏ। ਅਸੀਂ ਦੋਹਾਂ ਮਿਲ ਕੇ ਇਕ ਗੱਲ ਸੋਚੀ

Scanned with Ca

ਏ। ਪਰ ਕਹਿਣ ਦੀ ਹਿੰਮਤ ਨਹੀਂ ਹੋ ਰਹੀ।"

"ਐਸੀ ਕੋਈ ਗੱਲ ਨਹੀਂ। ਤੂੰ ਜੋ ਕਹਿਣਾ ਚਾਹੁੰਦੀ ਏਂ, ਕਹਿ ਸਕਦੀ ਏਂ। ਤੇਰੀ ਮੰਗ ਕਿਹੜੀ ਸਾਡੀਆਂ ਲੋੜਾਂ ਵਾਂਗ ਵਧਦੀ ਰਹੇਗੀ। ਮੈਨੂੰ ਪਤਾ ਏ, ਤੇਰੀ ਮੰਗ ਤੇਰੇ ਜਿੰਨੀ ਹੋਵੇਗੀ। ਡਰ ਨਾ...।"

"ਅਸੀਂ ਜਿਥੇ ਪਹਿਲਾਂ ਰਹਿੰਦੇ ਸੀ, ਉਹ ਥਾਂ ਬਸਤੀ ਤੋਂ ਦੂਰ ਸੀ। ਭਾਂਤ-ਭਾਂਤ ਦੇ ਸੰਘਣੇ ਰੁੱਖ ਸਨ। ਕਿਸੇ ਨੇ ਉਹ ਸਭ ਕੱਟ ਦਿੱਤੇ। ਸਾਡੇ ਵਾਂਗ ਕਈ ਬਰਬਾਦ ਹੋ ਗਏ। ਕਈਆਂ ਦੇ ਆਲ੍ਹਣੇ ਟੁੱਟ ਗਏ। ਕਈ ਘਰ ਬੋਟਾਂ 'ਤੇ ਆਂਡਿਆਂ ਸਮੇਤ ਮਿੱਟੀ 'ਚ ਰੁਲ ਗਏ..." ਬੋਲਦਿਆਂ-ਬੋਲਦਿਆਂ ਸ਼ਾਰਕ ਦਾ ਗਲਾ ਖ਼ੁਸ਼ਕ ਹੋ ਗਿਆ। ਉਸ ਦੀਆਂ ਅੱਖਾਂ ਨੂੰ ਪਾਣੀ ਨੇ ਘੇਰ ਲਿਆ।

ਕੁਝ ਪਲ ਚੁੱਪ ਵਰਤੀ ਰਹੀ। ਤਦ ਉਹਦਾ ਸਾਥੀ ਹੌਲੀ ਜਿਹੇ ਬੋਲਿਆ, "ਅਸੀਂ ਸੁਣਿਆ ਏ, ਓਥੇ ਕੁਝ ਬਣਨ ਵਾਲਾ ਏ। ਪਤਾ ਨਹੀਂ ਕੀ ਬਣਨਾ ਏ, ਪਰ ਅਸੀਂ..... ਸਾਡਾ ਘਰ....।" ਉਹ ਵੀ ਅੱਗੋਂ ਬੋਲ ਨਾ ਸਕਿਆ।

ਇਸ ਦੌਰਾਨ ਸ਼ਾਰਕ ਨੇ ਦੋ ਚਾਰ ਘੁੱਟ ਪਾਣੀ ਪੀ ਲਿਆ ਸੀ। ਉਹ ਟੁੱਟਵੀਂ, ਸੋਗੀ ਆਵਾਜ਼ ਵਿਚ ਬੋਲੀ, "ਉਥੋਂ ਉਜੜ ਕੇ ਅਸੀਂ ਨਾਲ ਦੀ ਇਕ ਬਸਤੀ ਦੇ ਇਕ ਘਰ 'ਚ ਪਨਾਹ ਲਈ। ਮਕਾਨ ਦੇ ਸਿਖਰਲੇ ਹਿੱਸੇ 'ਚ ਨਿੱਕੀ ਜਿਹੀ ਥਾਂ ਲੱਭ ਲਈ। ਅਸੀਂ ਦੋਹਾਂ ਨੇ ਰਲ ਕੇ ਆਲ੍ਹਣਾ ਤਿਆਰ ਕੀਤਾ। ਕਈ ਦਿਨਾਂ ਦੀ ਸਖ਼ਤ ਮਿਹਨਤ ਬਾਅਦ ਅਸੀਂ ਕੁਝ ਕੁ ਦਿਨ ਹੀ ਚੈਨ ਨਾਲ ਰਹੇ ਹੋਵਾਂਗੇ ਕਿ ਸਾਡੇ ਉੱਪਰ ਮੁੜ ਮੁਸੀਬਤ ਆ ਪਈ।

ਘਰ ਦੇ ਸਾਰੇ ਜੀਅ ਘਰ ਦੀ ਸਫ਼ਾਈ ਵਿਚ ਰੁੱਝ ਗਏ। ਉਹਨਾਂ ਦੀ ਆਪਸੀ ਗੱਲਬਾਤ ਤੋਂ ਪਤਾ ਲੱਗਾ ਕਿ ਘਰ ਦੇ ਵੱਡੇ ਮੁੰਡੇ ਦੇ ਵਿਆਹ ਦੇ ਦਿਨ ਨੇੜੇ ਆ ਰਹੇ ਹਨ। ਸਫ਼ਾਈ ਕਰਦਿਆਂ ਕਰਦਿਆਂ ਘਰ ਦੇ ਮਾਲਕ ਦੀ ਨਜ਼ਰ ਸਾਡੇ ਆਲ੍ਹਣੇ 'ਤੇ ਵੀ ਪੈ ਗਈ। ਉਹ ਜ਼ੋਰ ਦੀ ਚੀਖਿਆ, "ਇਹਨਾਂ ਨੇ ਤਾਂ ਸਾਡੇ ਘਰ ਨੂੰ ਬਰਬਾਦ ਕਰ ਦਿੱਤਾ ਏ। ਜਿੱਧਰ ਦੇਖੋ ਤਿਣਕੇ ਹੀ ਤਿਣਕੇ। ਇਹਨਾਂ ਨੇ ਸਾਨੂੰ ਇਥੇ ਰਹਿਣ ਨਹੀਂ ਦੇਣਾ...।" ਬੀਤੇ ਸਮੇਂ ਦੇ ਦੁੱਖ ਦੀ ਯਾਦ ਨੇ ਉਸ ਨੂੰ ਅੱਗੋਂ ਬੋਲਣੋਂ ਰੋਕ ਲਿਆ।

ਚੁੱਪ ਕਰ ਗਈ ਸ਼ਾਰਕ ਦੀ ਗੱਲ ਨੂੰ ਉਸ ਦੇ ਸਾਥੀ ਨੇ ਅੱਗੇ ਤੋਰਿਆ, "ਉਹ ਆਦਮੀ ਪੌੜੀ ਲਾ ਕੇ ਸਾਡੇ ਆਲ੍ਹਣੇ ਤਕ ਪਹੁੰਚ ਗਿਆ। ਅਸੀਂ ਉਸ ਵੇਲੇ ਆਲ੍ਹਣੇ 'ਚ ਬੈਠੇ ਹੋਏ ਸੀ। ਅਸੀਂ ਤਾਂ ਉਹਦੇ ਹੱਥ ਨਾ ਆਏ ਪਰ ਸਾਡਾ ਆਲ੍ਹਣਾ ਉਸ ਨੇ ਇਕੋ ਝਟਕੇ ਨਾਲ ਆਪਣੇ ਵੱਲ ਖਿੱਚਿਆ ਤੇ ਹਵਾ 'ਚ ਉਛਾਲ ਦਿੱਤਾ। ਆਂਡੇ ਫ਼ਰਸ਼ 'ਤੇ ਡਿੱਗਦਿਆਂ ਹੀ ਟੁੱਟ ਗਏ।

Scanned with Ca

ਉਹਨਾਂ ਦੇ ਟੁੱਟਣ ਦੀ ਆਵਾਜ਼ ਹੁਣ ਵੀ ਸਾਡੇ ਦੋਹਾਂ ਦੇ ਕੰਨਾਂ ਵਿਚ ਗੂੰਜਦੀ ਰਹਿੰਦੀ ਏ...। ਇਹੋ ਜਿਹੇ ਦਿਨ ਪਹਿਲਾਂ ਕਦੇ ਨਹੀਂ ਦੇਖੇ ਸਨ।"

ਸਾਰਾ ਮਾਹੌਲ ਦੁੱਖ ਵਾਲਾ ਹੋ ਗਿਆ ਸੀ। ਸ਼ਾਰਕ ਜੋੜੇ ਨਾਲ ਜੋ ਵਾਪਰਿਆ ਸੀ, ਉਸ ਦੁੱਖ ਨੂੰ ਮਹਿਸੂਸ ਹੀ ਕੀਤਾ ਜਾ ਸਕਦਾ ਸੀ। ਇਸ ਵਾਰਤਾ ਦਾ ਅਸਰ ਬੱਚਿਆਂ ਉੱਪਰ ਵੀ ਦਿਖਾਈ ਦੇ ਰਿਹਾ ਸੀ। ਬਾਵਾ ਉਹਨਾਂ ਦੀਆਂ ਗੱਲਾਂ ਸੁਣਦੀ-ਸੁਣਦੀ ਆਪਣੀ ਮਾਂ ਦੀ ਵੱਖੀ ਨਾਲ ਜਾ ਲੱਗੀ ਸੀ। ਗਗਨ ਕੰਧ ਨਾਲ ਲੱਗਾ ਅਹਿਲ ਖੜ੍ਹਾ ਸੀ।

ਗੱਲਾਂ-ਗੱਲਾਂ ਵਿਚ ਸ਼ਾਮ ਹੋ ਗਈ ਸੀ। ਦੂਜੇ ਪੰਖੇਰੂ ਆਪਣੇ ਘਰਾਂ ਵਲ ਉੱਡਣ ਲੱਗ ਪਏ ਸਨ। ਉਹਨਾਂ ਨੂੰ ਉੱਡਦਿਆਂ ਦੇਖ ਸ਼ਾਰਕ ਜੋੜੇ ਦੀਆਂ ਅੱਖਾਂ ਇਕ ਵਾਰ ਫਿਰ ਨਮ ਹੋ ਗਈਆਂ।

ਅੰਤ 'ਤੇ ਸ਼ਾਰਕ ਡਮਗਮ ਆਵਾਜ਼ ਵਿਚ ਬੋਲੀ, "ਤੁਸੀਂ ਸੁਭਾਅ ਦੇ ਚੰਗੇ ਲੱਗਦੇ ਓ। ਸਾਨੂੰ ਰਹਿਣ ਲਈ ਥੋੜ੍ਹੀ ਜਿਹੀ ਥਾਂ ਦੇਵੋ। ਅਸੀਂ ਓਥੇ ਨਿੱਕਾ ਜਿਹਾ ਆਲ੍ਹਣਾ ਪਾ ਲਵਾਂਗੇ। ਮੈਂ ਕਿਤੇ ਹੋਰ ਰਾਤ ਕੱਟਦੀ ਆਂ... ਇਹ ਕਿਤੇ ਹੋਰ। ਸਾਡੀ ਪੱਕੀ ਠਾਹਰ ਕੋਈ ਨਹੀਂ....।"

ਸ਼ਾਰਕ ਦੀਆਂ ਗੱਲਾਂ ਬਾਵਾ ਅਤੇ ਗਗਨ ਬੜੇ ਧਿਆਨ ਨਾਲ ਸੁਣ ਰਹੇ ਸਨ। ਗਗਨ ਸ਼ਾਰਕ ਦੀ ਗੱਲ ਸੁਣ ਕੇ ਉੱਛਲ ਪਿਆ, "ਮੰਮੀ ਸ਼ਾਰਕਾਂ ਨੂੰ ਆਪਣੇ ਕੋਲ ਰੱਖ ਲਓ। ਅਸੀਂ ਸਾਰੇ ਮਿਲ ਕੇ ਰਹਾਂਗੇ।"

ਕਾਫੀ ਸਮਾਂ ਹੋ ਗਿਆ ਸੀ। ਉਹਨਾਂ ਬਚੀ ਰੋਟੀ ਖਾਣ ਬਾਅਦ ਪਾਣੀ ਪੀਤਾ ਅਤੇ ਫੁੱਰਰ ਕਰ ਕੇ ਉੱਡ ਗਏ।

ਰਾਤ ਦੀ ਰੋਟੀ ਖਾਣ ਤੋਂ ਬਾਅਦ ਗਗਨ, ਬਾਵਾ, ਉਹਨਾਂ ਦੇ ਮੰਮੀ-ਪਾਪਾ ਸ਼ਾਰਕ ਜੋੜੇ ਦੀਆਂ ਗੱਲਾਂ ਕਰਦੇ ਰਹੇ।

ਬੱਚਿਆਂ ਦੀ ਰਾਏ ਸੀ ਕਿ ਉਹਨਾਂ ਨੂੰ ਆਪਣੇ ਕੋਲ ਰੱਖ ਲਿਆ ਜਾਵੇ।

ਉਹਨਾਂ ਦੇ ਪਾਪਾ ਨੇ ਇਹ ਤਜਵੀਜ਼ ਰੱਖੀ ਕਿ ਇਹਨਾਂ ਲਈ ਲੱਕੜੀ ਦਾ ਇਕ ਨਿੱਕਾ ਜਿਹਾ ਘਰ ਬਣਵਾ ਲੈਂਦੇ ਹਾਂ, ਜਿਸ ਨੂੰ ਕਿਸੇ ਉੱਚੀ ਥਾਂ 'ਤੇ ਰੱਖ ਦੇਵਾਂਗੇ ਤਾਂ ਕਿ ਕੋਈ ਹੋਰ ਸ਼ਿਕਾਰੀ ਪੰਛੀ ਜਾਂ ਬਿੱਲੀ ਇਹਨਾਂ ਨੂੰ ਤੰਗ ਨਾ ਕਰ ਸਕੇ।

ਘਰ ਦੇ ਸਾਰੇ ਜੀਆਂ ਨੂੰ ਇਹ ਤਜਵੀਜ਼ ਬਹੁਤ ਪਸੰਦ ਆਈ।

ਦੋ-ਤਿੰਨ ਦਿਨਾਂ ਵਿਚ ਹੀ ਲੱਕੜ ਦਾ ਇਕ ਨਿੱਕਾ ਜਿਹਾ ਘਰ ਤਿਆਰ ਕਰਵਾ ਲਿਆ

Scanned with Ca

ਗਿਆ। ਜੰਗਲਾਂ ਵਿਚ ਰੁੱਖਾਂ ਨਾਲ ਟੰਗੇ ਹੋਏ ਇਹੋ ਜਿਹੇ ਘਰ ਦੇਖਣ ਨੂੰ ਆਮ ਮਿਲ ਜਾਂਦੇ ਹਨ।

ਉਸ ਦਿਨ ਜਦ ਉਹ ਜੋੜਾ ਰੋਜ਼ ਵਾਂਗ ਲੂ ਤੋਂ ਬਚਣ ਲਈ ਕੂਲਰ ਉੱਪਰ ਆ ਟਿਕਿਆ ਤਾਂ ਗਗਨ ਤੇ ਬਾਵਾ ਉਹਨਾਂ ਨਾਲ ਗੱਲਾਂ ਕਰਨ ਲਈ ਬੂਹਾ ਖੋਲ੍ਹ ਕੇ ਬਾਹਰ ਨਿਕਲ ਆਏ।

ਇਧਰ-ਉਧਰ ਦੀਆਂ ਦੋ-ਚਾਰ ਗੱਲਾਂ ਕਰਨ ਬਾਅਦ ਗਗਨ ਤੋਂ ਰਿਹਾ ਨਾ ਗਿਆ। ਉਹ ਬੋਲ ਪਿਆ, "ਤੁਸੀ ਘਰ ਦੀ ਤਲਾਸ਼ ਵਿਚ ਸੀ ਨਾ...। ਮੇਰੇਂ ਪਾਪਾ ਨੇ ਤੁਹਾਡੇ ਲਈ ਇਕ ਨਵਾਂ ਘਰ ਬਣਵਾਇਆ ਹੈ...। ਹੁਣ ਤੁਸੀਂ ਉਸ ਵਿਚ ਆਰਾਮ ਨਾਲ ਰਹਿ ਸਕੋਗੇ।"

ਦੋਹਾਂ ਨੂੰ ਬੱਚਿਆਂ ਦੀ ਗੱਲ ਉੱਪਰ ਵਿਸ਼ਵਾਸ ਨਹੀ ਆ ਰਿਹਾ ਸੀ। ਉਸੇ ਵੇਲੇ ਬਾਵਾ ਨੇ ਕਿਹਾ, "ਮੇਰਾ ਭਰਾ ਸੱਚ ਕਹਿ ਰਿਹਾ ਏ। ਇਹ ਘਰ ਅਸੀਂ ਬਜ਼ਾਰੋਂ ਬਣਵਾ ਕੇ ਲਿਆਏ ਹਾਂ ਤੁਹਾਡੇ ਰਹਿਣ ਵਾਸਤੇ...।"

ਸ਼ਾਰਕ ਦੀ ਉਤਸੁਕਤਾ ਹੋਰ ਵਧ ਗਈ ਸੀ ਜਿਸ ਨੂੰ ਉਹ ਛੁਪਾ ਨਾ ਸਕੀ। ਉਹ ਬੋਲ ਹੀ ਪਈ, "ਕਿਥੇ ਰੱਖਿਆ ਏ... ?"

"ਉੱਪਰ...." ਕਹਿ ਕੇ ਗਗਨ ਤੇ ਬਾਵਾ ਪੌੜੀਆਂ ਰਾਹੀਂ ਛੱਤ ਵੱਲ ਨੱਠ ਪਏ।

ਗਰਮ ਹਵਾ ਖਹਿ-ਖਹਿ ਕੇ ਚੱਲ ਰਹੀ ਸੀ। ਫਰਸ਼ ਤਵੇ ਵਾਂਗ ਤਪਿਆ ਪਿਆ ਸੀ। ਪਰ ਘਰ ਦੇਖਣ ਦਿਖਾਉਣ ਦੇ ਸਾਹਮਣੇ ਸਭ ਕੁਝ ਨਿਰਾਰਥਕ ਸੀ।

ਲੋਹੇ ਦੀ ਤਪੀ ਰੇਲਿੰਗ ਉੱਤੇ ਬੈਠੇ ਸ਼ਾਰਕ ਜੋੜੇ ਦਾ ਧਿਆਨ ਆਪਣੇ ਵੱਲ ਕਰਦਿਆਂ ਹੋਇਆਂ ਬਾਵਾ ਨੇ ਹੱਥ ਚੁੱਕ ਕੇ ਦੂਰ ਰੱਖੇ ਘਰ ਵੱਲ ਇਸ਼ਾਰਾ ਕਰ ਕੇ ਕਿਹਾ, "ਉਹ ਦੇਖੋ, ਉਹ ਏ ਤੁਹਾਡਾ ਨਵਾਂ ਘਰ।"

ਇਸੇ ਵੇਲੇ ਬੱਚਿਆਂ ਦੀ ਮੰਮੀ ਵੀ ਆ ਗਈ ਸੀ। ਸੂਰਜ ਲੰਮੇ ਰੁੱਖਾਂ ਦੇ ਪਿੱਛੇ ਵੱਲ ਨੂੰ ਖਿਸਕ ਰਿਹਾ ਸੀ। ਜਿਸ ਕਾਰਨ ਛੱਤ ਉੱਪਰ ਡੱਬ-ਖੜੱਬੀ ਛਾਂ ਹਵਾ ਕਾਰਨ ਹਿੱਲ ਰਹੀ ਸੀ।

ਸ਼ਾਰਕ ਜੋੜੇ ਦੀਆਂ ਅੱਖਾਂ ਵਿਚ ਪਾਣੀ ਆ ਗਿਆ।

ਇਸ ਦੇ ਬਾਵਜੂਦ ਸ਼ਾਰਕ ਖੁਦ ਨੂੰ ਰੋਕ ਨਾ ਸਕੀ। ਉਸ ਨਿੱਕੀ ਜਿਹੀ ਉਡਾਰੀ ਭਰੀ ਅਤੇ ਰੱਖੇ ਹੋਏ ਆਲ੍ਹਣੇ ਨੂੰ ਨੇੜਿਓਂ ਦੇਖ ਆਈ।

Scanned with Ca

ਉਸ ਨੂੰ ਆਪਣੇ ਉੱਪਰ ਯਕੀਨ ਨਹੀ ਹੋ ਰਿਹਾ ਸੀ।

ਉਹ ਜੋ ਕਹਿਣਾ ਚਾਹੁੰਦਾ ਸੀ ਕਹਿ ਨਾ ਸਕੀ।

ਇੰਨੇ ਨੂੰ ਗਗਨ ਆਪਣੀ ਮੰਮੀ ਦੀ ਬਾਂਹ ਫੜ ਕੇ ਬੋਲਿਆ, "ਮੰਮੀ, ਹੁਣ ਸਾਨੂੰ ਪੰਛੀਆਂ ਦੀਆਂ ਆਵਾਜ਼ਾਂ ਸੁਣਨ ਨੂੰ ਮਿਲ ਜਾਇਆ ਕਰਨਗੀਆਂ।"

"ਹਾਂ, ਤੇਰੇ ਪਾਪਾ ਕਹਿੰਦੇ ਹੁੰਦੇ ਹਨ ਕਿ ਜਦ ਉਹ ਨਿੱਕੇ ਸਨ ਤਾਂ ਸਵੇਰ ਨੂੰ ਪੰਛੀਆਂ ਦੀਆਂ ਆਵਾਜ਼ਾਂ ਸੁਣ ਕੇ ਉੱਠਦੇ ਹੁੰਦੇ ਸਨ।"

"ਪਰ ਹੁਣ ਤਾਂ ਕਦੇ-ਕਦਾਈ ਹੀ ਕਿਸੇ ਪੰਛੀ ਦੇ ਬੋਲ ਸੁਣਾਈ ਦਿੰਦੇ ਹਨ। ਪਤਾ ਨਹੀ ਕੀ ਹੁੰਦਾ ਜਾ ਰਿਹਾ ਏ", ਇਹ ਆਵਾਜ਼ ਬਾਵੇ ਦੀ ਸੀ।


ਇਸ ਨਿੱਕੀ ਜਿਹੀ ਗੱਲਬਾਤ ਨੇ ਸਾਰਕ ਨੂੰ ਸਹਿਜ ਅਵਸਥਾ ਵਿਚ ਲੈ ਆਂਦਾ। ਉਸ ਥੋੜ੍ਹਾ ਜਿਹਾ ਸਿਰ ਝੁਕਿਆ ਅਤੇ ਪੂਰੀ ਮਿਠਾਸ ਨਾਲ ਬੋਲੀ, "ਮੈਂ ਕੀ ਕਹਾਂ...। ਤੁਸੀ ਸਾਡੇ ਬੋਲ ਵਾਪਸ ਮੋੜ ਲਿਆਏ ਓ...।"

# ਰਾਜਧਾਨੀ ਦਾ ਜੰਗਲ

ਇਕ ਢਾਲਵੀ ਜਿਹੀ ਥਾਂ। ਥੋੜ੍ਹਾ ਜਿਹਾ ਦੂਰ ਛੋਟੇ-ਵੱਡੇ ਪੱਥਰ ਇਕ ਦੂਜੇ ਵਿਚ ਫਸੇ ਹੋਏ ਪਏ ਹਨ। ਇਹਨਾਂ ਦੀਆਂ ਦਰਾੜਾਂ ਵਿਚ ਉੱਗਿਆ ਘਾਹ ਅਤੇ ਜੜੀ-ਬੂਟ ਹਵਾ ਦੇ ਹਲਕੇ-ਹਲਕੇ ਬੁੱਲ੍ਹਿਆਂ ਨਾਲ ਹਿੱਲ ਰਿਹਾ ਹੈ। ਇਕ ਸ਼ੇਰ ਪਰਿਵਾਰ ਦੇ ਜੀਅ ਇਧਰ-ਉਧਰ ਆਪੋ ਆਪਣੇ ਅੰਦਾਜ਼ ਨਾਲ ਲੰਮੇ ਪਏ ਹਨ। ਜੇ ਵੱਡੇ ਜੀਅ ਸ਼ਾਂਤ-ਚਿੱਤ ਹਨ ਤਾਂ ਛੋਟੇ ਬੱਚੇ ਚੰਚਲ।

ਬੱਚੇ ਆਪਸ ਵਿਚ ਖੇਡ ਰਹੇ ਹਨ। ਖੇਡਦਿਆਂ-ਖੇਡਦਿਆਂ ਉਹਨਾਂ ਦਾ ਜਦ ਚਿੱਤ ਕਰਦਾ ਹੈ ਤਾਂ ਆਪਣੇ ਮਾਪਿਆਂ ਦੇ ਪਿੰਡਿਆਂ ਨੂੰ ਵੀ ਆਪਣੀ ਖੇਡ ਵਿਚ ਸ਼ਾਮਲ ਕਰ ਲੈਂਦੇ ਹਨ। ਇਹ ਵੀ ਤਾਂ ਵੱਡੇ ਪੱਥਰਾਂ ਵਾਂਗ ਅਹਿਲ ਪਏ ਰਹਿੰਦੇ ਹਨ। ਲੱਗਦਾ ਹੈ ਚੰਗਾ ਸ਼ਿਕਾਰ ਹੱਥ ਲੱਗ ਜਾਣ ਕਾਰਨ ਸਭ ਬੇ-ਫ਼ਿਕਰ ਹੋ ਕੇ ਆਰਾਮ ਕਰ ਰਹੇ ਹਨ।

ਜੇ ਸ਼ੇਰ ਪਰਿਵਾਰ ਬਿਨਾਂ ਆਵਾਜ਼ ਕੀਤਿਆਂ ਪਿਆ ਹੈ ਤਾਂ ਇਹਦਾ ਮਤਲਬ ਇਹ ਨਹੀਂ




Scanned with Ca

ਕਿ ਜੰਗਲ ਸ਼ਾਂਤ ਹੈ। ਇਥੇ ਤਾਂ ਹਰ ਵੇਲੇ ਕੁਝ ਨਾ ਕੁਝ ਵਾਪਰਦਾ ਹੀ ਰਹਿੰਦਾ ਹੈ। ਇਹੋ ਇਸ ਦਾ ਸੁਭਾਅ ਹੈ ਅਤੇ ਇਸੇ ਕਰਕੇ ਇਹ ਜੰਗਲ ਹੈ।

ਇਕ ਸ਼ੇਰਨੀ ਥੋੜ੍ਹੀ ਵੱਖ ਹੋ ਕੇ ਸੰਘਣੀ ਛਾਂ ਥੱਲੇ ਲੰਮੀ ਪਈ ਹੈ। ਉਸ ਦੇ ਦੋ ਬੱਚੇ ਆਪਸ ਵਿਚ ਖੇਡ ਰਹੇ ਹਨ। ਉਹ ਕਦੇ ਇਕ ਦੂਜੇ ਦਾ ਪਿੱਛਾ ਕਰਦੇ ਹੋਏ ਪੱਥਰਾਂ ਦੇ ਉੱਪਰ ਚੜ੍ਹ ਜਾਂਦੇ ਹਨ, ਕਦੇ ਥੱਲੇ ਵੱਲ ਆ ਜਾਂਦੇ ਹਨ। ਕਦੇ ਝਾੜੀਆਂ-ਬੂਝਿਆਂ ਦੇ ਪਿੱਛੇ ਲੁਕੇ ਬੱਚੇ ਨੂੰ ਦੂਜਾ ਬੱਚਾ ਲੱਭ ਕੇ ਖੁਸ਼ ਹੁੰਦਾ ਹੈ। ਖੇਡਦੇ-ਖੇਡਦੇ ਦੋਵੇਂ ਗਾਇਬ ਹੋ ਜਾਂਦੇ ਹਨ।

ਕਾਫ਼ੀ ਸਮਾਂ ਲੰਘ ਜਾਣ ਤੋਂ ਬਾਅਦ ਉਹ ਦੌੜੇ ਆਉਂਦੇ ਦਿਖਾਈ ਦਿੰਦੇ ਹਨ। ਮਾਂ ਕੋਲ ਪਹੁੰਚਣ ਤੋਂ ਪਹਿਲਾਂ ਹੀ ਉਹ ਇਕ-ਦੂਜੇ ਤੋਂ ਪਹਿਲਾਂ ਆਪਣੀ ਮੰਗ ਰੱਖਣ ਦੇ ਲਾਲਚ ਵਿਚ ਇਕ ਦੂਜੇ ਨੂੰ ਧੱਕਾ ਦੇ ਕੇ ਥੱਲੇ ਸੁੱਟਦਿਆਂ ਹੋਇਆਂ ਅੱਗੇ ਵਧਦੇ ਹਨ। ਇਕ ਬੱਚਾ ਦੂਰੋਂ ਹੀ ਬੋਲ ਪਿਆ, "ਮਾਂ, ਮਾਂ ਸਾਨੂੰ ਰਾਜਧਾਨੀ ਲੈ... ਚਲੋ...।"

ਮਾਂ ਕੋਲ ਪਹੁੰਚ ਕੇ ਉਹ ਉਸ ਦੇ ਆਲੇ-ਦੁਆਲੇ ਘੁੰਮਣ ਲੱਗੇ। ਉਹਦੇ ਜਿਸਮ ਉੱਪਰ ਚੜ੍ਹਦਿਆਂ, ਥੱਲੇ ਉਤਰਦਿਆਂ ਉਹ ਆਪਣੀ ਗੱਲ ਨੂੰ ਬਿਨਾਂ ਰੁਕਿਆਂ ਕਹੀ ਜਾ ਰਹੇ ਹਨ।

ਲੱਗਦਾ ਹੈ, ਉਹ ਬੋਲਣ ਨਾਲੋਂ ਸ਼ਰਾਰਤਾਂ ਜ਼ਿਆਦਾ ਕਰ ਰਹੇ ਹਨ।

ਇਕੋ ਗੱਲ ਮੁੜ-ਮੁੜ ਸੁਣ ਕੇ ਸ਼ੇਰਨੀ ਨੂੰ ਗੁੱਸਾ ਆ ਜਾਂਦਾ ਹੈ।

ਉਹ ਥੋੜ੍ਹਾ ਹਿੱਲਦੀ ਹੈ ਅਤੇ ਘੂਰ ਕੇ ਉਹਨਾਂ ਵੱਲ ਦੇਖਦੀ ਹੈ। ਬੱਚਿਆਂ ਨੂੰ ਇਸ ਗੱਲ ਦੀ ਖੁਸ਼ੀ ਹੋਈ ਕਿ ਉਹਨਾਂ ਦੀ ਮੰਗ ਦਾ ਕੁਝ ਅਸਰ ਤਾਂ ਹੋਇਆ ਹੈ।

ਦੋਵੇਂ ਨਾਲ-ਨਾਲ ਜੁੜ ਕੇ ਖੜ੍ਹੇ ਹੋ ਗਏ। ਪੂਛ ਕੱਟਿਆ ਬੱਚਾ ਆਪਣੇ ਮੂੰਹ ਤੋਂ ਮੱਖੀ ਨੂੰ ਪੈਰ ਨਾਲ ਉਡਾਉਂਦਿਆਂ ਬੋਲਿਆ, "ਅਸੀਂ ਉਸ ਦਰੱਖ਼ਤ ਕੋਲੋਂ ਹੋ ਕੇ ਆਏ ਹਾਂ। ਓਥੇ..."

ਸ਼ੇਰਨੀ ਵੱਲੋਂ ਕੋਈ ਹਰਕਤ ਨਾ ਹੋਣ ਕਾਰਨ ਉਹ ਖ਼ਾਮੋਸ਼ ਹੋ ਗਿਆ। ਸ਼ੇਰਨੀ ਨੇ ਉਸ ਦਿਸ਼ਾ ਵੱਲ ਦੇਖਿਆ, ਜਿਸ ਵੱਲ ਉਹ ਸੰਕੇਤ ਕਰ ਰਿਹਾ ਸੀ। ਓਥੇ ਕੋਈ ਰੁੱਖ ਨਹੀਂ ਸੀ। ਉਸ ਨੇ ਮਨ ਹੀ ਮਨ ਸੋਚਿਆ ਇਹ ਕਿਤੇ ਦੂਰ ਨਿਕਲ ਗਏ ਹੋਣਗੇ। ਉਹ ਡਰ ਵੀ ਗਈ, ਜੇ ਕਿਤੇ ਕੋਈ ਜੰਗਲੀ ਗਿੱਦੜ ਜਾਂ ਕੁੱਤਾ ਇਹਨਾਂ ਦੇ ਮਗਰ ਪੈ ਜਾਂਦਾ ਤਾਂ...

ਹਿੰਮਤ ਕਰਕੇ ਦੂਜਾ ਬੱਚਾ ਬੋਲਿਆ, "ਉਸ ਦਰੱਖ਼ਤ 'ਤੇ ਬੈਠੀ ਚਿੜੀ ਰਾਜਧਾਨੀਓਂ ਹੋ ਕੇ ਆਈ ਏ...।"

ਪੂਛ ਕਟੇ ਨੇ ਕਿਹਾ, " 'ਕੱਲੀ ਗਈ ਸੀ... ਅਸੀਂ ਉਸੇ ਦੀਆਂ ਗੱਲਾਂ ਸੁਣ ਰਹੇ ਸੀ।"

ਦੂਸਰੇ ਨੇ ਵੀ ਪਿੱਛੇ ਕਹਿਣਾ ਠੀਕ ਨਾ ਸਮਝਿਆ, "ਹੋਰ ਵੀ ਕਈ ਪੰਛੀ ਤੇ ਜਾਨਵਰ

Scanned with Ca

ਉਸ ਦੀਆਂ ਗੱਲਾਂ ਸੁਣ ਰਹੇ ਸਨ...।"

ਸ਼ੇਰਨੀ ਵਿਚੋਂ ਬੋਲੀ, " 'ਕੱਲੀ ਕਿਵੇਂ ਪਹੁੰਚ ਗਈ ਓਥੇ। ਰਾਜਧਾਨੀ ਤਾਂ ਬਹੁਤ ਦੂਰ ਏ...।" ਥੋੜ੍ਹਾ ਰੁਕ ਕੇ ਅਤੇ ਪਾਸਾ ਬਦਲ ਕੇ ਬੋਲੀ, "ਝੂਠ ਬੋਲਦੀ ਹੋਵੇਗੀ। ਨਿੱਕੀ ਜਿਹੀ ਜਾਨ... ਵਿਚਾਰੀ...।"

ਪੂਛ ਕਟਾ ਬੱਚਾ ਖਰਮਸਤੀ ਕਰਦਾ ਬੋਲਿਆ, "ਸੱਚ ਬੋਲਦੀ ਸੀ। ਤਾਂ ਹੀ ਤਾਂ ਇੰਨੇ ਜਣੇ ਓਥੇ 'ਕੱਠੇ ਹੋ ਗਏ ਸਨ।"

ਦੂਜੇ ਨੇ ਗੱਲ ਦੀ ਆਪਣੇ ਢੰਗ ਨਾਲ ਹਮਾਇਤ ਕੀਤੀ, "ਓਥੇ ਹਾਜ਼ਰ ਹਰ ਜਾਨਵਰ ਸਿਰਫ਼ ਚਿੜੀ ਵੱਲ ਹੀ ਦੇਖ ਰਿਹਾ ਸੀ।"

ਸ਼ੇਰਨੀ ਨੂੰ ਬੱਚਿਆਂ ਦੀ ਅਵਾਰਗੀ ਅਤੇ ਗੱਲਾਂ ਉੱਤੇ ਗੁੱਸਾ ਆ ਰਿਹਾ ਸੀ। ਉਹ ਇਹਨਾਂ ਦੀਆਂ ਇਹੋ ਜਿਹੀਆਂ ਹਰਕਤਾਂ ਨੂੰ ਰੋਕਣਾ ਚਾਹੁੰਦੀ ਸੀ ਅਤੇ ਕੁਝ ਕਹਿਣ ਹੀ ਵਾਲੀ ਸੀ ਕਿ ਪੂਛ ਕਟਾ ਬੋਲ ਪਿਆ, "ਉਹ ਕਹਿ ਰਹੀ ਸੀ ਕਿ ਰਾਜਧਾਨੀ 'ਚ ਇਕ ਨਵੀ ਗੱਡੀ ਚੱਲੀ ਏ। ਉਹ ਉਸ ਦੀ ਸਵਾਰੀ ਵੀ ਕਰ ਆਈ ਏ....।"

ਆਪਣੇ ਚਾਰੇ ਪੈਰ ਜ਼ਮੀਨ ਉੱਪਰ ਫੈਲਾਅ ਕੇ ਅਤੇ ਪੂਛ ਨੂੰ ਹਿਲਾਉਂਦਾ ਹੋਇਆ ਦੂਜਾ ਬੱਚਾ ਉੱਚੀ ਆਵਾਜ਼ ਵਿਚ ਬੋਲਿਆ, "ਉਹ ਗੱਡੀ ਜ਼ਮੀਨ ਉੱਪਰ ਨਹੀ ਚਲਦੀ। ਉਹ ਤਾਂ ਜ਼ਮੀਨ ਵਿਚ ਗੱਡੇ ਡੰਡਿਆਂ ਉੱਪਰ ਦੌੜਦੀ ਏ...।"

ਪਹਿਲਾ, "ਓਥੇ ਲੋਕਾਂ ਦੀ ਭੀੜ ਬਹੁਤ ਏ....।"

ਪੂਛ ਕਟੇ ਨੇ ਪਿੱਛੇ ਰਹਿਣਾ ਠੀਕ ਨਾ ਸਮਝਿਆ, "ਚਿੜੀ ਕਹਿ ਰਹੀ ਸੀ... ਗੱਡੀ 'ਤੇ ਚੜ੍ਹਨ ਲਈ ਉਹ ਲੋਕੀ ਇਕ ਦੂਜੇ ਨੂੰ ਖੂਬ ਮਾਰ-ਕੁੱਟ ਰਹੇ ਸਨ...।"

ਮਾਂ ਨੂੰ ਚੁੱਪ ਦੇਖ ਉਹ ਥੋੜ੍ਹਾ-ਥੋੜ੍ਹਾ ਡਰ ਵੀ ਰਹੇ ਸਨ। ਪਰ ਇਸ ਦੇ ਬਾਵਜੂਦ ਉਹਨਾਂ ਨੇ ਆਪਣੀਆਂ ਹਰਕਤਾਂ ਨੂੰ ਕਾਬੂ ਵਿਚ ਨਾ ਰੱਖਿਆ। ਦੋਹਾਂ ਨੇ ਗੱਲਾਂ ਕਰਦਿਆਂ ਕਰਦਿਆਂ ਹੁਣ ਮਾਂ ਦੇ ਪਿੰਡੇ ਨੂੰ ਇਕ ਨਿੱਕੀ ਜਿਹੀ ਗੁਦਗੁਦੀ ਪਹਾੜੀ ਸਮਝ ਲਿਆ ਸੀ।

ਇਸ ਹਰਕਤ ਨਾਲ ਮਾਂ ਚਿੜ ਗਈ। ਉਸ ਆਪਣਾ ਪਿੰਡਾ ਛੰਡਿਆ ਅਤੇ ਪੂਛ ਘੁਮਾਈ ਜਿਸ ਨਾਲ ਦੋਵੇਂ ਬੱਚੇ ਮਿਆਂਕਦੇ ਹੋਏ ਦੂਰ ਜਾ ਪਏ।

ਥੋੜ੍ਹੀ ਹਿੰਮਤ ਕਰ ਕੇ ਦੋਵੇਂ ਜਣੇ ਮੁੜ ਖੜ੍ਹੇ ਹੋਏ। ਆਪਣੇ-ਆਪ ਨੂੰ ਥਾਂ ਸਿਰ ਕੀਤਾ ਅਤੇ ਅੱਗੇ-ਪਿੱਛੇ ਹੋ ਕੇ ਸ਼ੇਰਨੀ ਵਲ ਵਧਣ ਲੱਗੇ।

ਮਾਰ ਖਾ ਲੈਣ ਬਾਅਦ ਉਹਨਾਂ ਨੇ ਜਿਵੇਂ ਮਹਿਸੂਸ ਕੀਤਾ ਕਿ ਆਪਣੀ ਗੱਲ ਕਹਿਣ ਦਾ ਉਹਨਾਂ ਦਾ ਹੱਕ ਹੋਰ ਮਜ਼ਬੂਤ ਹੋ ਗਿਆ ਹੈ।

Scanned with Ca

ਸ਼ੇਰਨੀ ਚੁੱਪਚਾਪ ਆਪਣੇ ਬੱਚਿਆਂ ਦੇ ਕਾਰਨਾਮੇ ਵੇਖ-ਸੁਣ ਰਹੀ ਸੀ। ਤਦੇ ਉਸ ਦੇ ਕੰਨਾਂ ਵਿਚ ਇਕ ਹੋਰ ਗੱਲ ਪਈ। ਦੋਵੇਂ ਜਣੇ, ਹੁਣ ਸ਼ੇਰਨੀ ਤੋਂ ਥੋੜ੍ਹੀ ਵਿੱਥ ਉੱਪਰ ਆ ਖੜ੍ਹੇ ਹੋਏ ਸਨ। ਦੋਵੇਂ ਜਣੇ ਇਕੋ ਸੁਰ ਵਿਚ ਬੋਲੇ, "ਅਸੀ ਵੀ ਰਾਜਧਾਨੀ ਜਾਵਾਂਗੇ ! ਸਾਨੂੰ ਵੀ ਗੱਡੀ ਵਿਖਾ ਲਿਆਓ।"

ਰਾਜਧਾਨੀ ਅਤੇ ਗੱਡੀ ਦਾ ਨਾਂ ਮੁੜ-ਮੁੜ ਬੱਚਿਆਂ ਦੇ ਮੂੰਹੋਂ ਸੁਣ ਉਹ ਹੈਰਾਨ ਹੋ ਰਹੀ ਸੀ। ਪਰ ਬੱਚਿਆਂ ਦੀ ਆਵਾਜ਼ ਵਿਚ ਦ੍ਰਿੜ੍ਹਤਾ ਵਧਦੀ ਜਾ ਰਹੀ ਸੀ।

"ਰਾਜਧਾਨੀ ਬਹੁਤ ਦੂਰ ਏ। ਤੁਸੀ ਤਾਂ ਅਜੇ ਬੱਚੇ ਓ," ਸ਼ੇਰਨੀ ਨੇ ਜਵਾਬ ਵਿਚ ਕਈ ਤਰ੍ਹਾਂ ਦੇ ਭਾਵ ਲੁਕੇ ਹੋਏ ਸਨ। ਹੈਰਾਨ ਤਾਂ ਉਹ ਪਹਿਲਾਂ ਹੀ ਸੀ।

ਇਸ ਨਾਂਹ ਨੇ ਦੋਹਾਂ ਵਿਚ ਹੋਰ ਜੋਸ਼ ਭਰ ਦਿੱਤਾ। ਆਪੋ-ਆਪਣੇ ਜਿਸਮਾਂ ਨੂੰ ਉਹਨਾਂ ਨੇ ਹਰਕਤ ਵਿਚ ਲਿਆਂਦਾ ਅਤੇ ਪਹਿਲਾਂ ਨਾਲੋਂ ਕਿਤੇ ਉੱਚੀ ਆਵਾਜ਼ ਵਿਚ ਬੋਲੇ, "ਜਾਵਾਂਗੇ, ਜਾਵਾਂਗੇ। ....ਅਸੀਂ 'ਕੱਲੇ ਚਲੇ ਜਾਵਾਂਗੇ।"

ਸ਼ੇਰਨੀ ਦੀਆਂ ਅੱਖਾਂ ਵਿਚ ਗੁੱਸਾ ਉੱਤਰ ਰਿਹਾ ਸੀ। ਇਸ ਦੀ ਜ਼ਰਾ ਜਿੰਨੀ ਪਰਵਾਹ ਕੀਤੇ ਬਿਨਾਂ ਉਹਨਾਂ ਨੇ ਆਪਣੀ ਗੱਲ ਨੂੰ ਅੱਗੇ ਤੋਰਿਆ, "ਜੇ ਚਿੜੀ ਜਾ ਸਕਦੀ ਏ ਤਾਂ ਅਸੀਂ ਕਿਉਂ ਨਹੀਂ। ....ਅਸੀਂ ਚਿੜੀ ਤੋਂ ਤਾਂ ਵੱਡੇ ਆਂ।"

ਮਾਂ ਨੇ ਮੁੜ ਉਹਨਾਂ ਦੀ ਅੜੀ ਤੋੜਨੀ ਚਾਹੀ, "ਰਾਹ 'ਚ ਖਤਰੇ ਹਨ। ਜੇ ਤੁਹਾਨੂੰ ਕੁਝ ਹੋ ਗਿਆ ਤਾਂ...।"

ਪੂਛ ਕਟਾ ਬੋਲ ਪਿਆ, "ਜਦ ਚਿੜੀ ਨੂੰ ਕੁਝ ਨਹੀਂ ਹੋਇਆ ਤਾਂ ਸਾਨੂੰ ਕੀ ਹੋਵੇਗਾ ?"

ਮਾਂ ਬੱਚਿਆਂ ਦੀ ਜ਼ਿੱਦ ਅੱਗੇ ਬੇਬਸ ਸੀ। ਪਰ ਰਾਹ ਵਿਚ ਆਉਣ ਵਾਲਿਆਂ ਖ਼ਤਰਿਆਂ ਬਾਰੇ ਬੱਚਿਆਂ ਨੂੰ ਸਮਝਾ ਨਹੀਂ ਸੀ ਸਕਦੀ।

ਦੋਵੇਂ ਪਾਸੇ ਥੋੜ੍ਹਾ ਸਮਾਂ ਚੁੱਪ ਰਹੀ।

ਪਤਾ ਨਹੀ ਦੋਹਾਂ ਦੇ ਮਨ ਵਿਚ ਕੀ ਆਈ। ਇਕ ਨੇ ਦੂਸਰੇ ਨੂੰ ਕਿਹਾ, "ਆ... 'ਕੱਲੇ ਹੀ ਚਲਦੇ ਹਾਂ...।"

ਦੂਜਾ ਬੋਲਿਆ, "ਜਾਣ ਤੋਂ ਪਹਿਲਾਂ ਚਿੜੀ ਕੋਲੋਂ ਰਾਹ ਪੁੱਛ ਲਵਾਂਗੇ।"

ਦੋਹਾਂ ਨੇ ਸ਼ੇਰਨੀ ਵੱਲ ਪਿੱਠ ਕੀਤੀ ਅਤੇ ਨਿੱਕੇ-ਨਿੱਕੇ ਪੈਰਾਂ ਨਾਲ ਅਗ੍ਹਾਂ ਵਧਣ ਲੱਗੇ। ਉਹ ਰਾਜਧਾਨੀ ਵੱਲ ਜਾ ਰਹੇ ਹਨ ਜਾਂ ਕਿ ਚਿੜੀ ਵੱਲ। ਉਹਨਾਂ ਨੂੰ ਇਸ ਬਾਰੇ ਕੋਈ ਖ਼ਬਰ ਨਹੀਂ ਸੀ। ਦੇਖਦਿਆਂ-ਦੇਖਦਿਆਂ ਉਹਨਾਂ ਕਾਫ਼ੀ ਪੈਂਡਾ ਤੈਅ ਕਰ ਲਿਆ।

Scanned with Ca

ਸ਼ੇਰਨੀ ਦੀ ਦੇਹ ਹੁਣ ਗੁੱਸੇ ਨਾਲ ਭਰ ਗਈ ਸੀ। ਉਹ ਇਕਦਮ ਉੱਠੀ ਅਤੇ ਪੂਰੀ ਰਫ਼ਤਾਰ ਨਾਲ ਬੱਚਿਆਂ ਵੱਲ ਦੌੜੀ। ਪਲਾਂ ਵਿਚ ਆਪਣੇ ਮੋਹਰਲੇ ਪੈਰਾਂ ਦੀ ਮਾਰ ਨਾਲ ਦੋਹਾਂ ਨੂੰ ਢੇਰ ਕਰ ਲਿਆ। ਗੋਲ-ਮੋਲ ਹੁੰਦੇ ਹੋਏ ਉਹ ਬਹੁਤ ਦੂਰ ਤਕ ਰਿੜ੍ਹਦੇ ਚਲੇ ਗਏ। ਇਹੋ ਜਿਹੀ ਮਾਰ ਉਹਨਾਂ ਨੂੰ ਪਹਿਲੀ ਵਾਰ ਪਈ ਸੀ।

ਹੁਣ ਸ਼ੇਰਨੀ ਪੈਰਾਂ ਭਾਰ ਜ਼ਮੀਨ ਉੱਪਰ ਅਟਲ ਖੜ੍ਹੀ ਸੀ ਜਦ ਕਿ ਉਹ ਦੋਵੇਂ, ਹੁਣ ਵੀ ਦੁਬਕੇ ਬੈਠੇ ਹੋਏ ਸਨ। ਉਹਨਾਂ ਦੋਹਾਂ ਦੀਆਂ ਅੱਖਾਂ ਹੀ ਸ਼ੇਰਨੀ ਵੱਲ ਝਾਕ ਰਹੀਆਂ ਸਨ।

ਸ਼ੇਰਨੀ ਨੇ ਨਾਲ ਤੁਰਨ ਲਈ ਕਿਹਾ ਪਰ ਉਹ ਪੱਥਰ ਵਾਂਗ ਓਥੇ ਹੀ ਪਏ ਰਹੇ।

ਸਥਿਤੀ ਚਿੰਤਾ ਵਾਲੀ ਸੀ। ਉਹਨਾਂ ਨੇ ਗੁੱਸੇ ਦੀ ਆਵਾਜ਼ ਨੂੰ ਵੀ ਜਿਵੇਂ ਸਮਝਦੇ ਨਾਂਹ ਕਰ ਦਿੱਤੀ ਸੀ।

ਸਮਝੌਤਾ ਹੀ ਆਖਰੀ ਰਾਹ ਲੱਗ ਰਿਹਾ ਸੀ। ਉਹ ਨਰਮੀ ਵਾਲੇ ਸ਼ਬਦ ਵਰਤਦਿਆਂ ਬੋਲੀ, "ਦੇਖੋ, ਰਾਤ ਹੋ ਰਹੀ ਏ...। ਕੋਈ ਵੀ ਸ਼ਿਕਾਰੀ ਜਾਨਵਰ ਤੁਹਾਨੂੰ ਆਪਣਾ ਸ਼ਿਕਾਰ ਬਣਾ ਸਕਦਾ ਏ।"

"ਅਸੀਂ ਰਾਜਧਾਨੀ ਜਾਣਾ ਏ....।"

"ਚੰਗੇ ਬੱਚੇ ਰਾਤ ਨੂੰ ਆਪਣੇ ਘਰ ਜਾਂਦੇ ਹਨ। ਤੁਹਾਡੀ ਇਸ ਥਾਂ ਰਾਖੀ ਕੌਣ ਕਰੇਗਾ ?" ਮਾਂ ਨੇ ਕੋਲ ਹੋ ਕੇ ਆਪਣੀ ਜੀਭ ਨਾਲ ਚੱਟਦਿਆਂ ਹੋਇਆਂ ਆਪਣੇ ਲਾਡਲਿਆਂ ਨੂੰ ਕਿਹਾ, "ਲੈ ਚਲਾਂਗੀ। ....ਅਸੀਂ ਸਾਰੇ ਚੱਲਾਂਗੇ... 'ਕੱਠੇ।"

ਦਿਲਾਸਾ ਮਿਲਣ 'ਤੇ ਬੱਚੇ ਖੁਸ਼ ਹੋ ਕੇ ਟਪੂਸੀਆਂ ਮਾਰਨ ਲੱਗੇ। ਤਿੰਨੇ ਜਣੇ ਜਦ ਆਪਣੇ ਪਰਿਵਾਰ ਵਿਚ ਪਹੁੰਚੇ ਤਾਂ ਗੂਹੜਾ ਨ੍ਹੇਰਾ ਹੋ ਗਿਆ ਸੀ।

ਰਲ-ਮਿਲ ਕੇ ਇਹ ਫ਼ੈਸਲਾ ਕੀਤਾ ਗਿਆ ਕਿ ਪਹਿਲਾਂ ਸ਼ੇਰਨੀ ਰਾਜਧਾਨੀ ਜਾਵੇਗੀ। ਜੇ ਸਭ ਕੁਝ ਠੀਕ ਰਿਹਾ ਤਾਂ ਫੇਰ ਬੱਚੇ ਵੀ ਜਾਣਗੇ।

ਰਸਤੇ ਦੀ ਜਾਣਕਾਰੀ ਚਿੜੀ ਨੂੰ ਆਪਣੇ ਕੋਲ ਸੱਦ ਕੇ ਲੈ ਲਈ ਗਈ। ਅਗਲੇ ਦਿਨ ਸ਼ੇਰਨੀ ਨੇ ਆਪਣੇ ਬੱਚਿਆਂ ਨੂੰ ਜਾਣ ਤੋਂ ਪਹਿਲਾਂ ਖ਼ੂਬ ਪਿਆਰ ਕੀਤਾ ਅਤੇ ਫੇਰ ਰਾਜਧਾਨੀ ਵੱਲ ਮੂੰਹ ਕਰ ਕੇ ਤੁਰ ਪਈ।

ਸਮਾਂ ਬੀਤਣ ਲੱਗਾ। ਆਮ ਨਾਲੋਂ ਜ਼ਿਆਦਾ ਦਿਨ ਬੀਤ ਗਏ ਸਨ। ਸ਼ੇਰਨੀ ਵਾਪਸ ਨਹੀਂ ਸੀ ਆਈ। ਬੱਚਿਆਂ ਦੀ ਖੁਸ਼ੀ ਹੁਣ ਦੁੱਖ ਵਿਚ ਬਦਲਦੀ ਜਾ ਰਹੀ ਸੀ।

ਬੱਚਿਆਂ ਦੇ ਨਾਲ-ਨਾਲ ਪਰਿਵਾਰ ਦੀ ਚਿੰਤਾ ਵੀ ਵੱਧ ਰਹੀ ਸੀ। ਸ਼ੇਰ ਪਰਿਵਾਰ ਦੇ ਮੁੱਖੀ ਦਾ ਖਿਆਲ ਸੀ ਕਿ ਕਿਤੇ ਰਾਜਧਾਨੀ ਨੇ ਸ਼ੇਰਨੀ ਨੂੰ ਖਤਮ ਹੀ ਨਾ ਕਰ ਦਿੱਤਾ ਹੋਵੇ।

Scanned with Ca

ਚਿੰਤਾ ਦਾ ਅੰਤ ਕਰਨ ਲਈ ਕੁਝ ਉਪਾਅ ਸੋਚੇ ਗਏ। ਆਖ਼ਿਰ ਚਿੜੀ ਨੂੰ ਸੱਦਿਆ ਗਿਆ ਅਤੇ ਸ਼ੇਰ ਨੇ ਉਸ ਨੂੰ ਹੁਕਮ ਸੁਣਾਇਆ ਕਿ ਉਹ ਰਾਜਧਾਨੀ ਜਾ ਕੇ ਸ਼ੇਰਨੀ ਦਾ ਪਤਾ ਲਾਵੇ ਕਿਉਂਕਿ ਉਹ ਪਹਿਲਾਂ ਵੀ ਓਥੇ ਰਹਿ ਆਈ ਹੈ।

ਬਾਦਸ਼ਾਹ ਦਾ ਹੁਕਮ ਮੰਨ ਕੇ ਉਹ ਰਾਜਧਾਨੀ ਵੱਲ ਉੱਡ ਪਈ। ਥੋੜ੍ਹੀ ਬਹੁਤ ਮਿਹਨਤ ਕਰਕੇ ਉਹ ਉਸ ਥਾਂ ਪਹੁੰਚ ਗਈ ਜਿਥੇ ਪਹਿਲਾਂ ਉਹ ਰਹਿ ਚੁੱਕੀ ਸੀ। ਇਸ ਪ੍ਰਾਪਤੀ ਨੇ ਉਸ ਦਾ ਥਕੇਵਾਂ ਲਾਹ ਦਿੱਤਾ ਅਤੇ ਅਗਲੇ ਕੰਮ ਲਈ ਹਿੰਮਤ ਪੈਦਾ ਕਰ ਦਿੱਤੀ।

ਉਹ ਦਿਨ ਵੇਲੇ ਇਧਰ-ਉਧਰ ਘੁੰਮਦੀ। ਰਾਤ ਪਿਆਂ ਉਹ ਉਸੇ ਰੁੱਖ ਉੱਪਰ ਆ ਬੈਠ ਜਾਂਦੀ।

ਇਕ ਵਾਰ ਸ਼ੇਰਨੀ ਨੂੰ ਲੱਭਦਿਆਂ-ਲੱਭਦਿਆਂ ਚਿੜੀ ਨੂੰ ਰਾਤ ਪੈ ਗਈ। ਇਹ ਬੀਆਬਾਨ ਇਲਾਕਾ ਸੀ। ਇਸ ਇਲਾਕੇ ਵਿਚ ਖੜ੍ਹੇ ਅਨੇਕ ਰੁੱਖਾਂ ਵਿਚੋਂ ਇਕ ਉੱਪਰ ਬੈਠ ਕੇ ਉਸ ਨੇ ਰਾਤ ਗੁਜ਼ਾਰਨ ਦਾ ਫ਼ੈਸਲਾ ਕੀਤਾ।

ਜਿਵੇਂ-ਜਿਵੇਂ ਰਾਤ ਵੱਧਣ ਲੱਗੀ, ਚਿੜੀ ਨੂੰ ਭਾਂਤ-ਸੁਭਾਂਤ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਉਸ ਸੋਚਿਆ ਇਹੋ ਜਿਹੀਆਂ ਆਵਾਜ਼ਾਂ ਤਾਂ ਜੰਗਲ ਵਿਚ ਹੀ ਸੁਣਾਈ ਦਿੰਦੀਆਂ ਹਨ। ਕੀ ਮੈਂ ਮੁੜ ਜੰਗਲ ਵਿਚ ਪਹੁੰਚ ਗਈ ਹਾਂ ?

ਇਹਨਾਂ ਅਵਾਜ਼ਾਂ ਵਿਚੋਂ ਇਕ ਵੱਖਰੀ ਆਵਾਜ਼ ਵੀ ਸੁਣਨ ਨੂੰ ਮਿਲੀ। ਇਹ ਸ਼ੇਰਨੀ ਦੀ ਸੀ।

ਇਕ ਹੋਰ ਗੱਲ ਨੇ ਉਸ ਨੂੰ ਹੈਰਾਨ ਕਰ ਦਿੱਤਾ। ਉਸ ਨੂੰ ਇਹ ਆਵਾਜ਼ ਜਾਣੀ-ਪਛਾਣੀ ਲੱਗੀ। ਪਰ ਇਸ ਆਵਾਜ਼ ਵਿਚ ਤਾਂ ਦੁੱਖ ਦਾ ਰਲਾ ਸੀ। ਸਭ ਕੁਝ ਉਸ ਦੀ ਸਮਝ ਤੋਂ ਪਰ੍ਹਾਂ ਸੀ।

ਹੌਲੀ-ਹੌਲੀ ਚਿੜੀ ਨੇ ਉਸੇ ਆਵਾਜ਼ ਉੱਪਰ ਆਪਣਾ ਧਿਆਨ ਟਿਕਾ ਲਿਆ। ਚਿੜੀ ਨੂੰ ਯਕੀਨ ਹੋ ਗਿਆ ਕਿ ਇਹ ਉਸੇ ਸ਼ੇਰਨੀ ਦੀ ਆਵਾਜ਼ ਹੈ ਜਿਹੜੀ ਉਸ ਨੂੰ ਜੰਗਲ ਵਿਚ ਮਿਲੀ ਸੀ। ਇਹ ਤਾਂ ਉਸੇ ਸ਼ੇਰਨੀ ਦੀ ਆਵਾਜ਼ ਹੈ ਜਿਹੜੀ ਗੱਡੀ ਦੀ ਤਲਾਸ਼ ਵਿਚ ਰਾਜਧਾਨੀ ਵੱਲ ਆਈ ਹੋਈ ਸੀ।

ਚਿੜੀ ਆਪਣੀ ਥਾਂ ਬੈਠੀ-ਬੈਠੀ ਸਵੇਰ ਦਾ ਇੰਤਜ਼ਾਰ ਕਰਨ ਲੱਗੀ।

ਸਵੇਰ ਹੋਈ ਤਾਂ ਉਹ ਉਸ ਦਿਸ਼ਾ ਵਲ ਉੱਡ ਪਈ ਜਿਧਰੋਂ ਆਵਾਜ਼ ਆ ਰਹੀ ਸੀ। ਸ਼ੇਰਨੀ ਦੀ ਲਗਾਤਾਰ ਆ ਰਹੀ ਆਵਾਜ਼ ਉਸ ਨੂੰ ਸੇਧ ਦੇ ਰਹੀ ਸੀ।

ਛੇਤੀ ਹੀ ਉਹ ਜੰਗਲੇ ਦੀ ਇਕ ਸੀਖ ਉੱਪਰ ਜਾ ਬੈਠੀ ਜਿਸ ਵਿਚ ਸ਼ੇਰਨੀ ਲੰਮੀ

Scanned with Ca

ਪਈ ਹੋਈ ਸੀ। ਦਰਦੀਲੀ ਆਵਾਜ਼ ਹੁਣ ਵੀ ਉਸ ਦੇ ਮੂੰਹੋਂ ਥੋੜ੍ਹੀ ਦੇਰ ਬਾਅਦ ਆਪਣੇ-ਆਪ ਨਿੱਕਲ ਰਹੀ ਸੀ।

ਸ਼ੇਰਨੀ ਨੂੰ ਉਸ ਦੇ ਆਉਣ ਦੀ ਕੋਈ ਖ਼ਬਰ ਨਹੀ ਸੀ, ਪਰ ਚਿੜੀ ਨੇ ਨੇੜੇ ਹੋਣ ਸਦਕਾ, ਪਛਾਣ ਲਿਆ ਕਿ ਇਹ ਉਹੋ ਸ਼ੇਰਨੀ ਹੈ ਜਿਹੜੀ ਜੰਗਲ ਵਿਚ ਮਿਲੀ ਸੀ।

ਚਿੜੀ ਨੇ ਉੱਚੀ ਆਵਾਜ਼ ਵਿਚ ਪੁੱਛਿਆ, "ਤੁਸੀ ਇਥੇ ਕਿਵੇਂ ਪਹੁੰਚ ਗਏ ? ਤੁਸੀ ਤਾਂ ਆਪਣੇ ਬੱਚਿਆਂ ਦੇ ਕਹੇ 'ਤੇ ਰਾਜਧਾਨੀ ਆਏ ਸੀ।"

ਤੇਜ਼ ਆਵਾਜ਼ ਨੇ ਸ਼ੇਰਨੀ ਦਾ ਧਿਆਨ ਆਪਣੇ ਵੱਲ ਖਿੱਚਿਆ। ਉਸ ਸਿਰ ਉਤਾਂਹ ਚੁੱਕ ਸਲਾਖ ਉੱਪਰ ਬੈਠੀ ਚਿੜੀ ਨੂੰ ਦੇਖਿਆ। ਉਸ ਨੂੰ ਵੀ ਇਹ ਆਵਾਜ਼ ਜਾਣੀ ਪਛਾਣੀ ਲੱਗੀ।

ਪ੍ਰਸ਼ਨ ਦੇ ਹੁੰਗਾਰੇ ਵਿਚ ਉਸ ਕਿਹਾ, "ਮੈਂ ਹੀ ਆਪਣੇ ਬੱਚਿਆਂ ਦੇ ਕਹੇ 'ਤੇ ਰਾਜਧਾਨੀ ਆਈ ਸੀ। ਪਰ ਤੂੰ ਕੌਣ ਏਂ ?" ਉਹ ਆਪਣੇ ਸ਼ੱਕ ਨੂੰ ਦੂਰ ਕਰਨਾ ਚਾਹੁੰਦੀ ਸੀ।

"ਮੈਂ ਓਹੀ ਹਾਂ ਜਿਸ ਤੋਂ ਤੁਸੀ ਰਾਜਧਾਨੀ ਦਾ ਰਾਹ ਪੁੱਛਿਆ ਸੀ।"

ਸ਼ੇਰਨੀ ਨੇ ਥੋੜ੍ਹਾ ਸਿੱਧਾ ਹੋਣਾ ਚਾਹਿਆ। ਪਰ ਇਸ ਦੀ ਬਜਾਇ ਉਸ ਦੇ ਮੂੰਹੋਂ ਦਰਦ ਭਰੀ ਚੀਸ ਨਿਕਲੀ। ਉਸ ਕੋਲੋਂ ਇਹੋ ਕਹਿ ਹੋਇਆ, "ਠੀਕ ਏ..."

ਚਿੜੀ ਦਾ ਧਿਆਨ ਉਸ ਜ਼ਖ਼ਮ ਵੱਲ ਚਲਾ ਗਿਆ ਜਿਹੜਾ ਪਿਛਲੀ ਸੱਜੀ ਲੱਤ ਦੇ ਪੱਟ ਉੱਪਰ ਸੀ ਅਤੇ ਉਸ ਵਿਚੋਂ ਅਜੇ ਵੀ ਖ਼ੂਨ ਸਿੰਮ ਰਿਹਾ ਸੀ।

ਚਿੜੀ ਨੇ ਹਿੰਮਤ ਕਰ ਕੇ ਪੁੱਛ ਲਿਆ, "ਇਹ ਕਿਵੇਂ ਹੋ ਗਿਆ ਏ.... ?"

ਸ਼ੇਰਨੀ ਨੇ ਸਿਰ ਘੁਮਾ ਕੇ ਉਹਦੇ ਵੱਲ ਦੇਖਿਆ ਅਤੇ ਆਪਣੀ ਵਿੱਥਿਆ ਸੁਣਾਉਣੀ ਸ਼ੁਰੂ ਕਰ ਦਿੱਤੀ, "ਤੇਰੇ ਕੋਲੋਂ ਰਾਹ ਪੁੱਛਣ ਬਾਅਦ ਮੈਂ ਉਸੇ ਸ਼ਾਮ ਚੱਲ ਪਈ। ਰਾਹ ਵਿਚ ਜਿਥੇ ਥੱਕ ਜਾਂਦੀ, ਆਰਾਮ ਕਰ ਲੈਂਦੀ। ਇਕ-ਦੋ ਵਾਰ ਸ਼ਿਕਾਰ ਵੀ ਕੀਤਾ। ਇਕ ਵਾਰ ਅਜਿਹੀ ਥਾਂ ਰਾਤ ਪੈ ਗਈ ਜਿਥੇ ਆਸ-ਪਾਸ ਸਪਾਟ ਥਾਂ ਸੀ। ਕਿਤੇ-ਕਿਤੇ ਟਾਵਾਂ ਰੁੱਖ ਸੀ। ਸਵੇਰ ਹੋਈ ਤਾਂ ਦੇਖਿਆ ਕਿ ਆਲੇ-ਦੁਆਲੇ ਕਾਫੀ ਹਿਲਜੁਲ ਹੈ। ਲੱਗਿਆ ਉਹ ਪਿੰਡਾਂ ਦੇ ਬਾਹਰ ਦੀ ਥਾਂ ਸੀ। ਬੜੀ ਮੁਸ਼ਕਲ ਨਾਲ ਝਾੜੀਆਂ ਦੇ ਪਿੱਛੇ ਲੁਕ ਕੇ ਦਿਨ ਗੁਜ਼ਾਰਿਆ। ਮੈਨੂੰ ਹੁਣ ਦੋਹਰਾ ਫ਼ਿਕਰ ਹੋ ਗਿਆ..."

ਚਿੜੀ ਨੇ ਗੱਲ ਕੱਟਦਿਆਂ ਕਿਹਾ, "ਦੋਹਰਾ ਫ਼ਿਕਰ ਕਿਸ ਚੀਜ਼ ਦਾ... ?" ਉਹ ਵੀ ਆਪਣੀ ਚਿੰਤਾ ਸਾਂਝੀ ਕਰਨਾ ਚਾਹੁੰਦੀ ਸੀ।

ਤੇਜ਼ ਦਰਦ ਕਾਰਨ ਥੋੜ੍ਹਾ ਚੁੱਪ ਰਹਿਣ ਬਾਅਦ ਬੋਲੀ, "ਇਕ ਆਪਣਾ ਤੇ ਦੂਜਾ

Scanned with Ca

ਬੱਚਿਆਂ ਦਾ। ਦਿਨ ਡੁੱਬਿਆ ਤਾਂ ਮੈਂ ਡਰਦੀ-ਡਰਦੀ ਓਥੋਂ ਨਿਕਲੀ। ਥੋੜ੍ਹਾ ਅੱਗੇ ਗਈ ਹੋਵਾਂਗੀ ਤਾਂ ਮੈਨੂੰ ਕਿਸੇ ਆਦਮੀ ਨੇ ਦੇਖ ਲਿਆ। ਉਸ ਨੇ ਉੱਚੀ ਬੋਲ-ਬੋਲ ਹੋਰਾਂ ਨੂੰ ਵੀ ਸੱਦ ਲਿਆ। ਉਸ ਦੇ ਬੋਲ ਹੁਣ ਵੀ ਮੇਰੇ ਕੰਨਾਂ 'ਚ ਗੂੰਜਦੇ ਹਨ।"

ਦੇਖਦਿਆਂ-ਦੇਖਦਿਆਂ ਮੈਂ ਭੀੜ ਦੇ ਅੱਗੇ-ਅੱਗੇ ਤੇ ਉਹ ਮੇਰੇ ਪਿੱਛੇ-ਪਿੱਛੇ...। ਸਭ ਦੇ ਹੱਥਾਂ ਵਿਚ ਕੁਝ ਨਾ ਕੁਝ ਸੀ ਤਾਂ ਕਿ ਮੈਨੂੰ ਮਾਰਿਆ ਜਾ ਸਕੇ। ਨੱਠਦੇ-ਨੱਠਦੇ ਉਹ ਬੋਲ ਵੀ ਰਹੇ ਸਨ। ਉਹਨਾਂ ਦੇ ਬੋਲ ਮੇਰੇ ਕੰਨ ਪਾੜ ਰਹੇ ਸਨ।

'ਜੇ ਹੱਥ ਆ ਜਾਏ ਤਾਂ ਛੱਡਾਂਗੇ ਨਹੀ।'

'ਮੈਂ ਤਾਂ ਉਹਦਾ ਸਿਰ ਵੱਢ ਕੇ ਘਰ ਲੈ ਜਾਵਾਂਗਾ। ਕਹਿੰਦੇ ਹਨ, ਇਹਦੇ ਨਾਲ ਬੁਰੇ ਅਸਰ ਤੋਂ ਬਚਿਆ ਜਾ ਸਕਦਾ ਏ।'

'ਇਹਦੀ ਖੱਲ ਹੀ ਬੜੀ ਕੀਮਤੀ ਹੁੰਦੀ ਏ...।'

'ਕਿਸੇ ਅਮੀਰਜ਼ਾਦੇ ਨੇ ਆਪਣੇ ਫਾਰਮ ਵਿਚ ਪਾਲ ਰੱਖੀ ਹੋਵੇਗੀ। ਓਥੋਂ ਨੱਠ ਆਈ ਹੋਵੇਗੀ...। ਧੋਖਾ ਦੇ ਕੇ।'

'ਠੀਕ ਏ... ਪਰ ਹੁਣ ਤਾਂ ਇਹ ਸਾਡਾ ਤੇ ਸਾਡਾ ਬੱਚਿਆਂ ਦਾ ਘਰੋਂ ਨਿਕਲਣਾ ਬੇਹਾਲ ਕਰ ਦੇਵੇਗੀ।'

''ਆਹੋ... ਅੱਜ ਤਾਂ ਇਸ ਨੂੰ ਮਾਰ ਕੇ ਹੀ ਸਾਹ ਲਵਾਂਗੇ।'

ਕਦੇ-ਕਦੇ ਲੋਅ ਸਿੱਧੀ ਅੱਖਾਂ ਵਿਚ ਆ ਕੇ ਲੱਗਦੀ। ਮੈਂ ਤਾਂ ਨ੍ਹੇਰੇ ਦੀ ਤਲਾਸ਼ ਵਿਚ ਸਾਂ। ਕੀ ਕਰਦੀ। ਅਚਾਨਕ ਕੋਈ ਲੁਕਵੀ ਥਾਂ ਮਿਲ ਗਈ। ਮੈਂ 'ਕੱਠੀ ਹੋ ਕੇ ਬੈਠ ਗਈ। ਪਰ ਆਵਾਜ਼ਾਂ ਆਉਂਦੀਆਂ ਰਹੀਆਂ। ਤਦੇ ਸੁਣਾਈ ਦਿੱਤਾ...

'ਜੰਗਲੀ ਜਾਨਵਰਾਂ ਨੂੰ ਨਹੀ ਮਾਰਨਾ ਚਾਹੀਦਾ। ਇਸ ਨੂੰ ਕੁਝ ਨਾ ਕਹੋ। ਤੁਹਾਡਾ ਕੀ ਵਿਗਾੜਿਆ ਹੈ ਇਸ ਨੇ...

'ਤਾਂ ਵਿਗਾੜ ਦੇਵੇਗੀ।'

ਕਈ ਜਣਿਆਂ ਨੇ ਮਿਲ ਕੇ ਉਸ ਨੂੰ ਨਠਾ ਦਿੱਤਾ।

ਚਿੜੀ ਦਾ ਇਹੋ ਜਿਹੀਆਂ ਗੱਲਾਂ ਸੁਣ ਕੇ ਸਾਹ ਸੁੱਕਦਾ ਜਾ ਰਿਹਾ ਸੀ। ਹਿੰਮਤ ਕਰਕੇ ਆਖ਼ਰ ਬੋਲ ਹੀ ਪਈ, ''ਇਹਨਾਂ ਨੂੰ ਤਾਂ ਮੈਂ ਜਦ ਵੀ ਦੇਖਿਆ ਏ, ਆਪਸ 'ਚ ਲੜਦਿਆਂ ਹੀ ਦੇਖਿਆ ਏ। ਤੁਹਾਡੇ ਪਿੱਛੇ ਕਿਵੇਂ ਪੈ ਗਏ..."

ਸ਼ੇਰਨੀ ਨੂੰ ਪਿਛਲਾ ਵੇਲਾ ਯਾਦ ਆ ਗਿਆ। ਕਹਿਣ ਲੱਗੀ, ''ਸਾਨੂੰ ਤਾਂ ਮਾਰਦੇ ਹੀ ਆ ਰਹੇ ਹਨ ਇਹ... ਮੈਨੂੰ ਵੀ ਮਾਰਨਾ ਹੀ ਚਾਹੁੰਦੇ ਸਨ। ਮੈਨੂੰ ਬੈਠੀ ਨੂੰ ਅਜੇ ਥੋੜ੍ਹਾ ਜਿਹਾ

Scanned with Ca

ਸਮਾਂ ਹੋਇਆ ਸੀ ਕਿ ਮੈਨੂੰ ਰੋਸ਼ਨੀ ਦਾ ਹੜ੍ਹ ਆਪਣੇ ਵੱਲ ਆਉਂਦਾ ਦਿਸਿਆ। ਤੇ ਫੇਰ ਅੱਖਾਂ ਨੂੰ ਕੁਝ ਵੀ ਪਤਾ ਨਾ ਲੱਗਾ।"

ਚਿੜੀ ਦੀ ਆਪਣੀ ਹਾਲਤ ਵਿਗੜਦੀ ਜਾ ਰਹੀ ਸੀ। ਉਹ ਸੋਚ ਰਹੀ ਸੀ ਕਿ ਜੇ ਜੰਗਲ ਦੇ ਤਾਕਤਵਰ ਜਾਨਵਰ ਦੀ ਇਹ ਹਾਲਤ ਹੈ ਤਾਂ ਸਾਡੀ ਕੀ ਹੋ ਸਕਦੀ ਹੈ। ਉਸ ਨੇ ਕਥਾ ਦਾ ਅੰਤ ਜਾਣਨਾ ਚਾਹਿਆ, "ਇਥੇ ਕਿਵੇਂ ਪਹੁੰਚੇ ?"

"ਕੁਝ ਪਤਾ ਨਹੀ। ਰੋਸ਼ਨੀ ਵਿਚੋਂ ਹੀ ਕੁਝ ਆਵਾਜ਼ਾਂ ਆਈਆਂ ਸਨ ਓਧਰ... ਥੋੜ੍ਹਾ ਹੋਰ... ਤੇ ਫੇਰ ਕੁਝ ਵੀ ਪਤਾ ਨਾ ਲੱਗਾ। ਜਦ ਹੋਸ਼ ਆਈ ਤਾਂ ਮੈਂ ਕੈਦ ਵਿਚ ਸਾਂ, ਦਰਦ ਨਾਲ ਬੇਹਾਲ...।"

ਚਿੜੀ ਨੇ ਆਪਣੀ ਵੱਲੋਂ ਪੂਰੀ ਹਮਦਰਦੀ ਨਾਲ ਕਿਹਾ, "ਇਹ ਤਾਂ ਬਹੁਤ ਬੁਰਾ ਹੋਇਆ ਏ...। ਇਹਨਾਂ ਸਲਾਖਾਂ ਨੂੰ ਤਾਂ ਅਸੀਂ ਟੁੱਕ ਵੀ ਨਹੀਂ ਸਕਦੇ...।"

ਦੁੱਖ ਨਾਲ ਭਰੀ ਅਤੇ ਉਦਾਸ ਸ਼ੇਰਨੀ ਬੋਲੀ ਤਾਂ ਉਹਦੀ ਆਵਾਜ਼ ਕੰਬ ਰਹੀ ਸੀ, "ਲੱਗਦਾ ਏ ਬਾਕੀ ਦੀ ਜ਼ਿੰਦਗੀ ਇੰਝ ਹੀ ਗੁਜ਼ਾਰਨੀ ਪਵੇਗੀ। ਹੁਣ ਜੰਗਲ ਨਸੀਬ ਨਹੀਂ ਹੋਣ ਲੱਗਾ। ਇਹ ਲੋਕ ਤਾਂ ਜ਼ਾਲਮ ਹਨ....।"

ਚਿੜੀ ਨੇ ਇਧਰ ਉਧਰ ਦੇਖਿਆ। ਉਸ ਦੇ ਚੇਤੇ ਵਿਚ ਆਪਣੇ ਜੰਗਲ ਦਾ ਮਾਹੌਲ ਘੁੰਮਣ ਲੱਗਾ। ਉਹ ਥੋੜ੍ਹੀ ਹਿੰਮਤ ਕਰਕੇ ਬੋਲੀ, "ਜੰਗਲ ਵਿਚ ਰਹਿ ਗਏ ਬੱਚੇ ਤੁਹਾਡਾ ਇੰਤਜ਼ਾਰ ਕਰ ਰਹੇ ਹਨ...।"

ਸ਼ੇਰਨੀ ਇਹ ਬੋਲ ਸੁਣ ਕੇ ਪੂਰੀ ਤਰ੍ਹਾਂ ਟੁੱਟ ਗਈ। ਉਸ ਦਾ ਦਰਦ ਇਸ ਨਾਲ ਹੋਰ ਵਧ ਗਿਆ। ਖੁਦ ਨੂੰ ਸੰਭਾਲਦਿਆਂ ਕਿਹਾ, "ਮੇਰੇ ਬੱਚਿਆਂ ਨੂੰ ਮੇਰੇ ਬਾਰੇ ਦੱਸ ਦੇਈਂ। ਪਤਾ ਨਹੀਂ ਕਦੋਂ ਉਹਨਾਂ ਨੂੰ ਮਿਲ ਸਕਾਂ...। ਇਕ ਗੱਲ ਉਹਨਾਂ ਨੂੰ ਜ਼ਰੂਰ ਸਮਝਾ ਦੇਈਂ ਕਿ ਉਹ ਰਾਜਧਾਨੀ ਵੱਲ ਮੂੰਹ ਕਰਨ ਦੀ ਕਦੇ ਗੱਲ ਨਾ ਕਰਨ। ...ਹੁਣ ਤੂੰ ਜਾ...। ਬਹੁਤ ਦਿਨ ਹੋ ਗਏ ਹਨ ਆਈ ਨੂੰ...।"

ਕੁਝ ਪਲਾਂ ਲਈ ਚਿੜੀ ਬਿਨਾਂ ਹਿੱਲੇ-ਜੁੱਲੇ ਲੋਹੇ ਦੀ ਸਲਾਖ ਉੱਪਰ ਬੈਠੀ ਰਹੀ। ਫੇਰ ਸਿਰ ਚੁੱਕਿਆ ਅਤੇ ਆਕਾਸ਼ ਦੇ ਨੀਲੇਪਣ ਨੂੰ ਦੇਖਿਆ। ਅਗਲੇ ਹੀ ਛਿਣ ਉਹ ਪਰ ਫੈਲਾਅ ਜੰਗਲ ਵੱਲ ਮੂੰਹ ਕਰ ਕੇ ਉੱਡ ਰਹੀ ਸੀ।

Scanned with

# ਅਕਸ

ਘਰ ਦੀ ਛੱਤ 'ਤੇ ਕਈ ਤਰ੍ਹਾਂ ਦੇ ਛੋਟੇ-ਵੱਡੇ ਗਮਲੇ ਹਨ ਜਿਨ੍ਹਾਂ ਵਿਚ ਭਾਂਤ-ਭਾਂਤ ਦੇ ਬੂਟੇ ਲੱਗੇ ਹੋਏ ਹਨ। ਮੈਂ ਜਦ ਉਹਨਾਂ ਬੂਟਿਆਂ ਨੂੰ ਪਾਣੀ ਦਿੰਦਾ ਹਾਂ ਤਾਂ ਗਗਨ ਇਸ ਕੰਮ ਵਿਚ ਮੇਰੀ ਮਦਦ ਕਰਦਾ ਹੈ। ਕਦੇ ਡੱਬੇ ਨਾਲ ਕਿਸੇ ਬੂਟੇ ਨੂੰ ਪਾਣੀ ਦੇ ਦਿੰਦਾ ਹੈ, ਕਦੇ ਪੱਤਿਆਂ ਨੂੰ ਹੱਥ ਲਾ-ਲਾ ਪਿਆਰ ਕਰਦਾ ਹੈ, ਕਦੇ ਖਿੜੇ ਫੁੱਲਾਂ ਕੋਲ ਜਾ ਉਹਨਾਂ ਨੂੰ ਸੁੰਘਦਾ ਹੈ। ਇਸ ਦੇ ਬਾਵਜੂਦ ਉਹ ਜ਼ਿਆਦਾ ਸਮਾਂ ਗੱਲਾਂ ਵਿਚ ਬਤੀਤ ਕਰਦਾ ਹੈ। ਇਕ ਗੱਲ ਨੂੰ ਮੁੜ-ਮੁੜ ਕੇ ਪੁੱਛਦਾ ਹੈ। ਲੱਗਦਾ ਹੈ ਜਿਵੇਂ ਪ੍ਰਾਪਤ ਜਾਣਕਾਰੀ ਨੂੰ ਉਹ ਆਪਣੇ ਢੰਗ ਨਾਲ ਮਨ ਹੀ ਮਨ ਪੱਕੀ ਕਰ ਰਿਹਾ ਹੈ।

"ਇਹ ਕਿਹੜਾ ਬੂਟਾ ਏ ?"

"ਗੁਲਾਬ ਦੇ ਫੁੱਲ 'ਚੋਂ ਮਹਿਕ ਕਿਉਂ ਆਉਂਦੀ ?"

"ਨਿੰਬੂ ਦੇ ਫੁੱਲ ਚਿੱਟੇ ਕਿਵੇਂ ਹੋ ਜਾਂਦੇ ਹਨ ?"

ਇਕ ਦਿਨ ਅਸੀ ਛੱਤ ਉੱਪਰ ਆਪੋ-ਆਪਣੇ ਕੰਮ ਵਿਚ ਰੁੱਝੇ ਹੋਏ ਸੀ ਕਿ ਆਵਾਜ਼ ਸੁਣਾਈ ਦਿੱਤੀ।

ਖੜੜ, ਖੜੜ... ਖੜ, ਖੜ....

ਗਗਨ ਨੱਠਾ-ਨੱਠਾ ਪੌੜੀਆਂ ਉਤਰ ਥੱਲੇ ਗਿਆ ਅਤੇ ਕੁਝ ਛਿਣਾਂ ਬਾਅਦ ਉਹ ਮੇਰੇ ਸਾਹਮਣੇ ਖੜ੍ਹਾ ਸੀ। ਉਸ ਦਾ ਸਾਹ ਤੇਜ਼-ਤੇਜ਼ ਚਲ ਰਿਹਾ ਸੀ। ਆਪਣੇ ਹੱਥ ਨਾਲ ਇਸ਼ਾਰਾ ਕਰਦਿਆਂ ਉਸ ਕਿਹਾ, "ਪਾਪਾ... ਉਹ .... ਉਥੇ..., ਇਕ ਕਬੂਤਰ ਡਿੱਗਾ ਪਿਆ...."

"ਕੀ ? ਕਿਵੇਂ ਡਿੱਗਾ... ?"

"ਪੱਖੇ ਨਾਲ ਲੱਗ ਕੇ..."

"ਹੈ..."

"ਉਹਦੇ ਸਿਰ 'ਚੋਂ ਖੂਨ ਨਿਕਲ ਰਿਹਾ ਏ.... ਜਲਦੀ ਚਲੋ, ਮੇਰੇ ਨਾਲ..."

Scanned with Ca

"ਚਲ, ਤੂੰ ਵੀ ਫੁਰਤੀ ਨਾਲ ਤੁਰ..."

ਅਸੀ ਦੋਵੇਂ ਜਣੇ ਪੌੜੀਆਂ ਉਤਰ ਕਮਰੇ ਵਿਚ ਦਾਖ਼ਲ ਹੋਏ। ਡਰੈਸਿੰਗ ਟੇਬਲ ਦੇ ਸਾਹਮਣੇ ਪਿਆ ਉਹ ਕਬੂਤਰ ਤੜਫ ਰਿਹਾ ਸੀ। ਸ਼ੀਸ਼ੇ ਵਿਚੋਂ ਉਸ ਦਾ ਅਕਸ ਵਿਖਾਈ ਦੇ ਰਿਹਾ ਸੀ। ਲੱਗਿਆ ਜਿਵੇਂ ਇਕ ਨਹੀ ਦੋ ਕਬੂਤਰ ਫੱਟੜ ਹੋ ਕੇ ਤੜਫ ਰਹੇ ਹਨ।

ਤਾਜ਼ੇ ਖ਼ੂਨ ਦੇ ਛਿੱਟੇ ਇਧਰ-ਉਧਰ ਖਿੰਡੇ ਹੋਏ ਸਨ। ਜਿਥੇ ਉਹ ਡਿੱਗਾ ਸੀ, ਲਹੂ ਉਥੇ ਵੀ ਪਿਆ ਹੋਇਆ ਸੀ।

"ਪਾਪਾ, ਜਲਦੀ ਕਰੋ..."

"ਪਾਪਾ, ਇਹ ਇੰਝ ਕਿਉਂ ਤੜਫ ਰਿਹਾ..."

ਗਗਨ ਦੀਆਂ ਅੱਖਾਂ ਵਿਚ ਨਮੀ ਸੀ ਅਤੇ ਬੁੱਲ੍ਹਾਂ ਉੱਤੇ ਕਈ ਸਵਾਲ ਡਾਰ ਬੰਨ੍ਹੀ ਖੜ੍ਹੇ ਸਨ।

ਉਹ ਬੋਲਦਿਆਂ ਬੋਲਦਿਆਂ ਮੇਰੇ ਨਾਲ ਲਗਦਾ ਜਾ ਰਿਹਾ ਸੀ।

ਮੈ ਦੋਹਾਂ ਹੱਥਾਂ ਨਾਲ ਕਬੂਤਰ ਨੂੰ ਚੁੱਕਿਆ। ਉਸ ਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ। ਉਹ ਆਪਣੀ ਚੁੰਝ ਕਦੇ ਖੋਲ੍ਹ ਲੈਂਦਾ, ਕਦੇ ਬੰਦ ਕਰ ਲੈਂਦਾ।

"ਜਾਹ... ਜਾ ਕੇ ਪਾਣੀ ਲੈ ਆ। ਸੁਣ... ਇਕ ਛੋਟਾ ਚਮਚਾ ਵੀ ਲੈ ਆਵੀਂ..." ਮੈਂ



Scanned with Ca

ਗਗਨ ਨੂੰ ਕਿਹਾ।

"ਹੁਣੇ ਜਾ ਰਿਹਾਂ..." ਉਸ ਨੇ ਉਸੇ ਸੁਰ ਵਿਚ ਜਵਾਬ ਦਿੱਤਾ।

ਕਬੂਤਰ ਦਾ ਪਿੰਡਾ ਅਜੇ ਗਰਮ ਸੀ। ਸੱਟ ਉਸ ਦੇ ਸਿਰ ਵਿਚ ਲੱਗੀ ਸੀ। ਮੈਂ ਮਹਿਸੂਸ ਕੀਤਾ ਕਿ ਇਹ ਲੰਮੇ ਸਮੇਂ ਤਕ ਜੀ ਨਹੀਂ ਸਕੇਗਾ।

"ਲਓ, ਪਾਣੀ..." ਗਗਨ ਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ।

"ਠੀਕ ਏ, ਇਥੇ ਰੱਖ ਦੇ..."

ਮੈਂ ਚਮਚੇ ਨਾਲ ਪਾਣੀ ਦੀਆਂ ਕੁਝ ਬੂੰਦਾਂ ਉਹਦੇ ਮੂੰਹ ਵਿਚ ਪਾਈਆਂ। ਪਾਣੀ ਅੰਦਰ ਜਾਣ ਨਾਲ ਉਹਦੇ ਜਿਸਮ ਵਿਚ ਕੁਝ ਹਰਕਤ ਆਈ।

ਉਸ ਨੇ ਆਪਣੇ ਪਰ ਫੜ-ਫੜਾਏ। ਸ਼ਾਇਦ ਉਹ ਉੱਡਣਾ ਚਾਹੁੰਦਾ ਸੀ। ਪਰ ਸਰੀਰ ਨੇ ਉਹਦਾ ਸਾਥ ਨਾ ਦਿੱਤਾ।

"ਪਾਪਾ, ਇਹ ਇੰਝ ਕਿਉਂ ਕਰ ਰਿਹਾ ਏ ?" ਇਕੋ ਥਾਂ ਖੜ੍ਹੇ ਗਗਨ ਦੇ ਬੁੱਲ੍ਹ ਫਰਕੇ।

"ਪਾਪਾ, ਕੀ ਇਹ ਬਚ ਜਾਵੇਗਾ ?" ਉਹ ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖਦਾ ਰਿਹਾ ਅਤੇ ਨਾਲੋ-ਨਾਲ ਧੀਮੀ ਆਵਾਜ਼ ਵਿਚ ਪ੍ਰਸ਼ਨ ਪੁੱਛੀ ਜਾ ਰਿਹਾ ਸੀ।

"ਹਾਂ... ਹਾਂ... ਕਿਉਂ ਨਹੀਂ ਬਚੇਗਾ। ਜ਼ਰੂਰ ਬਚੇਗਾ," ਇਹ ਬੋਲ ਮੈਂ ਦ੍ਰਿੜ੍ਹਤਾ ਨਾਲ ਕਹੇ ਸਨ।

"ਹੁਣ ਅਸੀਂ ਇਸ ਨੂੰ ਆਪਣੇ ਕੋਲ ਰੱਖਾਂਗੇ," ਗਗਨ ਨੇ ਆਪਣੇ ਮਨ ਦੀ ਇੱਛਾ ਜ਼ਾਹਿਰ ਕਰ ਦਿੱਤੀ।

"ਹਾਂ, ਜ਼ਰੂਰ ਰੱਖਾਂਗੇ," ਮੈਂ ਹੌਲੀ ਜਿਹੀ ਕਿਹਾ।

ਮੈਂ ਆਪਣੇ ਹੱਥ ਵਿਚ ਫੜੇ ਕਬੂਤਰ ਦੇ ਪਿੰਡੇ ਦੀ ਲਗਾਤਾਰ ਘਟ ਰਹੀ ਹਰਕਤ ਨੂੰ ਮਹਿਸੂਸ ਕਰ ਰਿਹਾ ਸਾਂ।

"ਇਹਦੀ ਸੱਟ 'ਤੇ ਦਵਾਈ ਲਾਉਂਦੇ ਹਾਂ। ਤਦ ਇਹ ਜਲਦੀ ਠੀਕ ਹੋ ਜਾਵੇਗਾ। ਮੰਮੀ ਮੇਰੇ ਵੀ ਓਹੀ ਦਵਾਈ ਲਾਉਂਦੇ ਹੁੰਦੇ ਹਨ। ਮੈਂ ਹੁਣੇ ਮੰਮੀ ਤੋਂ ਦਵਾਈ ਲੈ ਕੇ ਆਉਂਦਾ ਹਾਂ," ਇਹ ਕਹਿੰਦਿਆਂ-ਕਹਿੰਦਿਆਂ ਉਹ ਪੌੜੀਆਂ ਤੋਂ ਥੱਲੇ ਉਤਰ ਗਿਆ।

ਗਗਨ ਦੇ ਜਾਣ ਬਾਅਦ ਕਬੂਤਰ ਦੀ ਹਾਲਤ ਵਿਗੜ ਗਈ। ਮੈਂ ਪਾਣੀ ਦੀਆਂ ਇਕ

Scanned with Ca

ਦੋ ਬੂੰਦਾਂ ਹੋਰ ਉਸ ਦੇ ਮੂੰਹ ਵਿਚ ਪਾਉਣ ਦਾ ਜਤਨ ਕੀਤਾ। ਪਰ ਉਸ ਦੀ ਗਰਦਨ ਇਕ ਪਾਸੇ ਨੂੰ ਲਮਕ ਗਈ।

ਜਦ ਤਕ ਗਗਨ ਮਲ੍ਹਮ ਦੀ ਡੱਬੀ ਲੈ ਕੇ ਆਇਆ, ਮੈਂ ਕਬੂਤਰ ਨੂੰ ਰੁਮਾਲ ਵਿਚ ਲਪੇਟ ਕੇ ਇਕ ਨੁੱਕਰ ਵਿਚ ਰੱਖ ਦਿੱਤਾ।

''ਪਾਪਾ, ਕਬੂਤਰ ਕਿੱਥੇ ਏ ?'', ਮੈਨੂੰ ਦਰਵਾਜ਼ੇ ਵਿਚ ਖੜ੍ਹਾ ਦੇਖ ਗਗਨ ਨੇ ਪੁੱਛਿਆ।

''ਕੀ ਉਹ ਉੱਡ ਗਿਆ ਏ ?''

''ਹਾਂ, ਉੱਡ ਗਿਆ ਏ... ?'' ਮੈਂ ਥੋੜ੍ਹਾ ਉਦਾਸ ਹੋ ਕੇ ਕਿਹਾ ਸੀ।

''ਮੈਂ ਤਾਂ ਉਹਦੇ ਮਲ੍ਹਮ ਲਾਉਣੀ ਸੀ,'' ਗਗਨ ਹਮਦਰਦੀ ਦੀ ਤਹਿ ਵਿਚੋਂ ਡੁਸਕਣ ਲੱਗਾ।

''ਕੀ ਉਹ ਮੁੜ ਆਵੇਗਾ... ਕਦ ਆਵੇਗਾ,'' ਉਸ ਨੇ ਆਪਣੀ ਗੱਲ ਜਾਰੀ ਰੱਖੀ।

''ਨਹੀਂ... ਉਹ ਹੁਣ ਨਹੀਂ ਆਵੇਗਾ। ਉਹ ਹੁਣ ਨਹੀਂ ਆ ਸਕਦਾ। ਗਗਨ, ਕਬੂਤਰ ਮਰ ਗਿਆ ਹੈ...'' ਮੈਂ ਇਹ ਸ਼ਬਦ ਉਸ ਨੂੰ ਕਲਾਵੇ ਵਿਚ ਲੈਂਦਿਆਂ ਕਹੇ।

ਉਹ ਮੇਰੇ ਹੋਰ ਨੇੜੇ ਹੋ ਗਿਆ। ਉਸ ਦੇ ਸਾਹ ਹੋਰ ਗਰਮ ਅਤੇ ਤੇਜ਼ ਹੁੰਦੇ ਜਾ ਰਹੇ ਸਨ।

ਇਕ, ਦੋ ਦਿਨ ਅਤੇ ਕੁਝ ਹੋਰ ਦਿਨ ਉਹ ਕਬੂਤਰ ਬਾਰੇ, ਦੂਜੇ ਪੰਛੀਆਂ ਬਾਰੇ, ਮੌਤ ਬਾਰੇ, ਜੀਵਨ ਬਾਰੇ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛਦਾ ਰਿਹਾ। ਫਿਰ ਹੌਲੀ ਹੌਲੀ ਇਹ ਗੱਲਾਂ ਫਿੱਕੀਆਂ ਪੈ ਗਈਆਂ।

ਕੁਝ ਦਿਨਾਂ ਬਾਅਦ ਇਕ ਸ਼ਾਮ ਉਹ ਨੱਠਾ-ਨੱਠਾ ਘਰ ਆਇਆ। ਉਹ ਖਾਲੀ ਹੱਥ ਸੀ। ਘਰ ਵੜਦਿਆਂ ਹੀ ਉਸ ਨੇ ਉੱਚੀ ਆਵਾਜ਼ ਵਿਚ ਬੋਲਣਾ ਸ਼ੁਰੂ ਕਰ ਦਿੱਤਾ, ''ਪਾਪਾ.... ਪਾਪਾ ਕਿੱਥੇ ਓ... ?''

ਹੱਥ ਵਿਚ ਫੜੀ ਕਿਤਾਬ ਨੂੰ ਇਕ ਪਾਸੇ ਰੱਖਦਿਆਂ ਮੈਂ ਸੋਚਿਆ ਜ਼ਰੂਰ ਕਿਸੇ ਨਾਲ ਲੜ-ਝਗੜ ਕੇ ਆਇਆ ਹੈ। ਪਹਿਲਾਂ ਵੀ ਦੋ ਕੁ ਵਾਰ ਇੰਜ ਹੋ ਚੁੱਕਾ ਹੈ। ਪਰ ਉਹ ਖਾਲੀ ਹੱਥੀ ਕਦੇ ਨਹੀਂ ਆਇਆ ਸੀ।

ਜਦ ਮੇਰੇ ਕੋਲ ਪਹੁੰਚਿਆ ਤਾਂ ਉਹ ਸਾਹੋ-ਸਾਹੀ ਸੀ।

ਮੈਂ ਆਰਾਮ ਨਾਲ ਉਹਦੀ ਪਿੱਠ ਉੱਪਰ ਹੱਥ ਫੇਰਦਿਆਂ ਉਹਦੇ ਕੋਲੋਂ ਪੂਰਾ ਵੇਰਵਾ ਜਾਣਨਾ ਚਾਹਿਆ, ''ਕੀ ਗੱਲ ਹੋਈ ਏ... ?''

Scanned with Ca

"ਚਲੋ, ਮੇਰੇ ਨਾਲ। ਛੇਤੀ ਚਲੋ... ਜਲਦੀ ਕਰੋ ਨਾ..." ਉਹ ਮੈਨੂੰ ਬਾਹੋਂ ਫੜ ਖਿੱਚ ਰਿਹਾ ਸੀ।

"ਕੁਝ ਦੱਸੇਂਗਾ ਵੀ...."

ਪਰ ਉਹ ਮੈਨੂੰ ਕੁਝ ਵੀ ਦੱਸਣ ਤੋਂ ਇਨਕਾਰੀ ਸੀ।

ਉਹ ਮੈਨੂੰ ਖਿੱਚਦਾ ਹੋਇਆ ਪਾਰਕ ਦੀ ਇਕ ਨੁੱਕਰ ਵਿਚ ਲੈ ਗਿਆ।

"ਆ ਦੇਖੋ... ਕੀ ਹੋ ਗਿਆ ਏ..." ਉਸ ਨੇ ਆਪਣੇ ਹੱਥ ਨਾਲ ਗੁਲਾਬ ਦੇ ਬੂਟੇ ਵੱਲ ਇਸ਼ਾਰਾ ਕਰਦਿਆਂ ਕਿਹਾ।

"ਕੀ ਹੋਇਆ... ? ਫੇਰ..." ਮੈਂ ਢਿੱਲੇ ਬੋਲ ਵਿਚ ਕਿਹਾ।

"ਇਹ ਕਿਸੇ ਨੇ ਪੁੱਟ ਦਿੱਤਾ ਏ। ਦੇਖੋ, ਧਿਆਨ ਨਾਲ ਦੇਖੋ... ਇਹ ਤੜਫ ਰਿਹਾ ਏ।"

ਫਿਰ ਜ਼ਿੱਦ ਕਰਦਿਆਂ ਬੋਲਿਆ, "ਪਾਪਾ ਇਸ ਨੂੰ ਘਰ ਲੈ ਚਲੋ।"

ਉਸ ਦੇ ਇਹਨਾਂ ਸ਼ਬਦਾਂ ਵਿਚ ਬਹੁਤ ਕੁਝ ਮਿਲਿਆ ਹੋਇਆ ਲੱਗ ਰਿਹਾ ਸੀ।

"ਹੋ ਸਕਦਾ, ਕਿਸੇ ਮਾਲੀ ਨੇ ਇਸ ਨੂੰ ਇਥੇ ਰੱਖ ਦਿੱਤਾ ਹੋਵੇ..." ਮੈਂ ਉਸ ਨੂੰ ਸਮਝਾਉਂਦਿਆਂ ਹੋਇਆਂ ਕਿਹਾ।

"ਨਹੀਂ..., ਪਾਪਾ ਨਹੀਂ। ਇਸ ਨੂੰ ਘਰ ਲੈ ਚਲੋ।" ਉਸ ਨੇ ਗੁਲਾਬ ਦਾ ਬੂਟਾ ਹੱਥ ਵਿਚ ਫੜਦਿਆਂ ਹੋਇਆਂ ਕਿਹਾ ਅਤੇ ਮੇਰੇ ਅੱਗੇ-ਅੱਗੇ ਤੇਜ਼ੀ ਨਾਲ ਘਰ ਵੱਲ ਤੁਰਨ ਲੱਗਾ।

ਤੁਰਦਿਆਂ ਹੋਇਆਂ ਉਹ ਬੋਲੀ ਜਾ ਰਿਹਾ ਸੀ, "ਇਸ ਨੂੰ ਲਿਜਾ ਕੇ ਗਮਲੇ ਵਿਚ ਲਾ ਲਵਾਂਗੇ। ਪਾਪਾ... ਕਿਤੇ ਇਹ ਵੀ ਕਬੂਤਰ ਵਾਂਗ ਤੜਫ-ਤੜਫ ਕੇ ਨਾ ਮਰ ਜਾਵੇ।"

ਗਗਨ ਦੇ ਇਹਨਾਂ ਸ਼ਬਦਾਂ ਵਿਚੋਂ ਮੈਨੂੰ ਪਹਿਲਾਂ ਹੋ ਚੁੱਕੀ ਕਬੂਤਰ ਦੀ ਮੌਤ ਦਾ ਅਕਸ ਝਾਤੀ ਮਾਰਦਾ ਦਿਖਾਈ ਦੇ ਰਿਹਾ ਸੀ।

Scanned with Ca